ਵਰਿਆਮ

ਅਪਰੈਲ ੧੯੮੭ ਮੁੱਲ : ੩ ਰੁਪਏ



ਸਤਿਗੁਰੂ ਪ੍ਰਤਾਪ ਸਿੰਘ ਜੀ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

RAJPAL

The Leading Name in Construction Machinery



CONCRETE MIXER 10/7 CFT

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers



CONCETE MIXER 7/5

Phones : Office : 529033
Factory : 501973
Resi. : 536093

BALWANT SINGH & SONS

Office : 4E/11 JHANDEWALA EXTN.
NEW DELHI-110055

Factory : A 2/3, MAYA PURI, PHASE II
Opp. C-70 NEW DELHI-110064

Sri Satguru Jagjit Singh Ji eLibrary NamdhariElibrary@gmail.com

ਵਰਿਆਮ ਅਪਰੈਲ—੧੯੮੭

ਜਿਲਦ ੧੨ ਅੰਕ : ੬

ਸੰਪਾਦਕ : ਜਗਦੀਸ਼ ਸਿੰਘ

ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
(ਨੇੜੇ ਮਦਨ ਫਲੌਰ ਮਿਲ)
ਜਲੰਧਰ-੧੪੪੦੦੧
ਫੋਨ : ੭੧੨੦੪ ਪੀ. ਪੀ.
ਫੋਨ : ੭੭੩੫੬ ਪੀ.ਪੀ.

Office Address
Monthly WARIAM
(Punjabi)
Ladowali Road
(Near Madan Flour Mill
Jalandhar-144001
Phone : 71204 PP
77356 PP

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩/੧-੭੭-ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਵਰਿਆਮ ਲਈ ਸਹਿਯੋਗ

ਸ: ਜਾਗੀਰ ਸਿੰਘ ਸਪੁਤਰ ਸ: ਕਰਮ ਸਿੰਘ ਨਾਮਧਾਰੀ ਪਿੰਡ ਬਲੂਆਣਾ ਡਾ: ਮਾਨਸਾ ਵਰਿਆਮ ਨੂੰ ਇਕ ਸੌ ਰੁਪਿਆ ਸਹਿਯੋਗ ਭੇਜਦੇ ਹਨ।

ਸ: ਤੇਜਿੰਦਰ ਸਿੰਘ ਸੇਠੀ ਲਖਨਊ ਵਾਲਿਆਂ ਵਰਿਆਮ ਨੂੰ ਇਕ ਸੌ ਰੁਪਿਆ ਸਹਿਯੋਗ ਭੇਜਿਆ ਹੈ।

ਸ: ਕਰਤਾਰ ਸਿੰਘ ਦਿਲੀ ਬਿਜਲੀ ਵਾਲੇ ਵਰਿਆਮ ਨੂੰ ਇਕ ਸੌ ਰੁਪਿਆ ਭੇਜਿਆ ਹੈ।

ਸ: ਸੂਰਤ ਸਿੰਘ ਜੌੜਾਪੁਲ ਜਲੰਧਰ ਨੇ ਗਿਆਰਾਂ ਰੁਪਏ ਵਰਿਆਮ ਨੂੰ ਆਪਣੇ ਘਰ ਵਰਨੀ ਕਰਾਉਣ ਸਮੇਂ ਭੇਜੇ ਹਨ।

ਸ: ਅਜੀਤ ਸਿੰਘ ਸਪੁਤਰ ਸ: ਤਾਰਾ ਸਿੰਘ ਜਲੰਧਰ ਪ੍ਰੀਤ ਨਗਰ ਵਿਖੇ ਨਵੇਂ ਮਕਾਨ ਦੀ ਚੱਠ ਸਮੇਂ ਹਵਨ ਅਤੇ ਆਸਾ ਦੀ ਵਾਰ ਦਾ ਕੀਰਤਨ ਕਰਵਾਇਆ : ਵਰਿਆਮ ਨੂੰ ਇਸ ਸਮੇਂ ਇਕੀ ਰੁਪਏ ਸਹਿਯੋਗ ਭੇਜਿਆ ਹੈ।

ਸ: ਵਾਸਦੇਵ ਸਿੰਘ ਭਮਰਾ ਯੂ. ਕੇ. ਤੋਂ ਭਾਰਤ ਆਏ ਤਾਂ ਵਰਿਆਮ ਵਾਸਤੇ ੫੦/- ਰੁਪਏ ਸਹਿਯੋਗ ਵਜੋਂ ਭੇਟ ਕੀਤੇ।

—ਧਨਵਾਦ ਮੈਨੇਜਰ

ਖਿਮਾ ਕਰਨਾ ਜੀ

ਬਹੁਤ ਸਮੇਂ ਤੋਂ ਆਰਥਕ ਭਾਰ ਵਧੇ ਹੋਣ ਦੇ ਬਾਵਜੂਦ ਅਸੀਂ ਵਰਿਆਮ ਦੇ ਚੰਦਿਆਂ ਨੂੰ ਵਧਾਉਣ ਤੋਂ ਸੰਕੋਚ ਕਰਦੇ ਰਹੇ ਹਾਂ ਪਰ ਹੁਣ ਹੋਰ ਮਹਿੰਗਾਈ ਤੋਂ ਇਲਾਵਾ ਡਾਕ ਦੇ ਦਰ ਸਰਕਾਰ ਨੇ ਕਈ ਗੁਣਾ ਵਧਾ ਦਿਤੇ ਹਨ ਜਿਸ ਕਰਕੇ ਸਾਨੂੰ ਮਜਬੂਰਨ ਵਰਿਆਮ ਦੇ ਦਰ ਵੀ ਵਧਾਉਣੇ ਪਏ ਹਨ। ਪਾਠਕ ਖਿਮਾ ਕਰਨ ਅਤੇ ਉਦਾਰਤਾ ਵਿਖਾਉਣ।

ਨਵੇਂ ਦਰ ਇਸ ਪ੍ਰਕਾਰ ਹੋਣਗੇ :

ਇਕ ਪ੍ਰਤੀ		੩.੦੦ ਰੁਪਏ
ਸਾਲਾਨਾ ਚੰਦਾ		੩੦.੦੦ ,,
ਤਿੰਨ ਸਾਲ ਵਾਸਤੇ		੮੦.੦੦ ,,
ਚਾਰ ,, ,,		੧੦੦.੦੦ ,,
ਪੰਜ ,, ,,		੧੨੫.੦੦ ,,
ਉਮਰ ਭਰ ਵਾਸਤੇ		੩੦੦.੦੦ ,,
ਵਿਦੇਸ਼ ਸਾਲਾਨਾ		
ਥਾਈਲੈਂਡ :	ਹਵਾਈ ਡਾਕ	੨੦੦-੦੦ ,,
	ਸਮੁੰਦਰੀ	੮੦-੦੦ ,,
ਅਰਬ-ਅਫਰੀਕਾ ਤੇ ਯੂਰਪ	ਹਵਾਈ ਡਾਕ	੨੫੦-੦੦ ,,
	ਸਮੁੰਦਰੀ	੮੦-੦੦ ,,
ਅਮਰੀਕਾ : ਕਨੇਡਾ :	ਹਵਾਈ ਡਾਕ	੩੦੦-੦੦ ,,
	ਸਮੁੰਦਰੀ ਡਾਕ	੮੦-੦੦ ,,

ਜਿਹੜੇ ਸੱਜਣ ਚੰਦੇ ਜਲਦੀ ਭੇਜ ਦੇਣਗੇ ਉਹਨਾਂ ਨੂੰ ਪਰਚਾ ਇਸੇ ਚੰਦੇ ਵਿਚ ਹੀ ਜਾਵੇਗਾ ਭਾਵੇਂ ਮਹਿੰਗਾਈ ਕਾਰਨ ਰੇਟ ਹੋਰ ਵਧ ਜਾਣ।

ਅਸੀਂ ਪਾਠਕਾਂ ਨੂੰ ਬੇਨਤੀ ਕਰਦੇ ਹਾਂ ਕਿ ਪਰਚਾ ਮਿਲਣ ਬਾਰੇ ਅਤੇ ਨਾ ਮਿਲਣ ਬਾਰੇ ਸਾਨੂੰ ਚਿਠੀਆਂ ਰਾਹੀਂ ਸੂਚਿਤ ਕਰਦੇ ਰਹਿਣ ਅਤੇ ਆਪਣੀ ਕੀਮਤੀ ਰਾਇ ਵੀ ਭੇਜਦੇ ਰਹਿਣ।

—ਜਗਦੀਸ਼ ਸਿੰਘ

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜਰੂਰੀ ਨਹੀਂ।

Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਸ੍ਰੀ ਭੈਣੀ ਸਾਹਿਬ

ਸ੍ਰੀ ਭੈਣੀ ਸਾਹਿਬ ਪੂਜਯ ਚਾਰ ਸਤਿਗੁਰੂ ਸਾਹਿਬਾਨ ਦਵਾਰਾ ਵਰੋਸਾਈ ਹੋਈ ਧਰਤੀ ਹੈ, ਜੁਗਾਂ ਤੋਂ ਇਸ ਧਰਤੀ ਤੇ ਜਪ ਤਪ ਸੰਧਿਆ ਹਵਨ ਨਾਮ ਸਿਮਰਨ ਹੁੰਦਾ ਆਇਆ ਹੈ। ਇਹ ਥਾਂ ਅਨਿਆਇ ਵਿਰੁਧ ਸੰਘਰਸ਼ ਕਰਕੇ ਸੰਸਾਰ ਪ੍ਰਸਿਧ ਹੈ। ਇਸ ਪਾਵਨ ਪਵਿੱਤਰ ਅਸਥਾਨ ਦੀ ਪੂਜਾ ਮਾਨਤਾ ਲਾਉਣ ਵਾਸਤੇ ਹਜ਼ਾਰਾਂ ਯਾਤਰੂ ਆਉਂਦੇ ਹਨ। ਵੱਡੇ ਸਮਾਗਮਾਂ ਪਰਯੋਗਾਂ ਅਤੇ ਮੇਲਿਆਂ ਸਮੇਂ ਤਾਂ ਅਣਗਿਣਤ ਸੰਗਤਾਂ ਸਤਿਗੁਰੂ ਦਰਸ਼ਨਾਂ ਨੂੰ ਆਉਂਦੀਆਂ ਹਨ।

ਇਸ ਸਥਾਨ ਦੇ ਉਸਾਰੀ ਦਾ ਕੰਮ ਕੁਝ ਸਮੇਂ ਤੋਂ ਜਾਰੀ ਹੈ। ਸੰਗਤਾਂ ਨੇ ਉਦਮ ਕਰਕੇ ਯਾਤਰੂਆਂ ਦੇ ਨਿਵਾਸ ਵਾਸਤੇ ਕਮਰੇ ਅਤੇ ਇਤਿਹਾਸਕ ਸਿਮ੍ਰਤੀ ਮੰਦਿਰ ਦੀ ਉਸਾਰੀ ਵਿਚ ਬਹੁਤ ਯੋਗਦਾਨ ਪਾਇਆ ਹੈ। ਪੂਜਯ ਸ੍ਰੀ ਮਾਤਾ ਚੰਦ ਕੌਰ ਜੀ ਦੇ ਵਿਸ਼ੇਸ਼ ਉਦਮ ਨਾਲ ਬਹੁਤ ਸਲਾਹੁਣ ਯੋਗ ਉਸਾਰੀ ਦੇ ਕਾਰਜ ਹੋਏ ਹਨ।

ਹੁਣ ਸਮੇਂ ਦੀ ਮੰਗ ਹੈ ਕਿ ਸ੍ਰੀ ਭੈਣੀ ਸਾਹਿਬ ਅਤੇ ਹੋਰ ਇਤਿਹਾਸਕ ਥਾਵਾਂ ਦੀ ਹੋਰ ਵੀ ਉਸਾਰੀ ਕੀਤੀ ਜਾਵੇ। ਇਸ ਨਿਰਮਾਣ ਕਾਰਜ ਦਾ ਵਿਕਾਸ ਕੀਤਾ ਜਾਵੇ।

ਸ੍ਰੀ ਸਤਿਗੁਰੂ ਜੀ ਦੀ ਪ੍ਰੇਰਨਾ ਅਤੇ ਆਗਿਆ ਸਦਕਾ ਇਸ ਕਾਰਜ ਵਾਸਤੇ ਸ੍ਰੀ ਭੈਣੀ ਸਾਹਿਬ ਵਿਕਾਸ ਸੰਮਤੀ ਦਾ ਗਠਨ ਕੀਤਾ ਗਿਆ ਜਿਸ ਨੇ ਵਿਕਾਸ ਦੇ ਕਾਰਜਾਂ ਨੂੰ ਸ਼ੁਰੂ ਵੀ ਕਰ ਦਿਤਾ ਹੈ। ਸ: ਹਰਭਜਨ ਸਿੰਘ ਔਰੰਗਾਬਾਦ ਦੀ ਅਗਵਾਈ ਵਿਚ ਸੰਮਤੀ ਸੇਵਾ ਕਾਰਜ ਸੰਭਾਲ ਰਹੀ ਹੈ।

ਯੋਜਨਾ ਅਨੁਸਾਰ ਸ੍ਰੀ ਭੈਣੀ ਸਾਹਿਬ ਵਿਚ ਸਕੂਲ, ਸਰੋਵਰ, ਵੱਡਾ ਦੀਵਾਨ ਅਸਥਾਨ, ਇਸ਼ਨਾਨ ਘਰ, ਫਲਸ਼ ਟੱਟੀਆਂ, ਯਾਤਰੂਆਂ ਦੇ ਠਹਿਰਣ ਲਈ ਵੱਡੀਆਂ ਬੈਰਕਾਂ, ਕਮਰੇ, ਧਾਰਕ ਅਤੇ ਹੋਰ ਥਾਵਾਂ ਬਣਨੀਆਂ ਹਨ। ਇਹਨਾਂ ਤੋਂ ਇਲਾਵਾ ਇਤਿਹਾਸਕ ਸ਼ਹੀਦੀ ਅਸਥਾਨਾਂ ਦੀ ਉਸਾਰੀ ਵੀ ਜਰੂਰੀ ਹੈ।

ਇਹ ਜ਼ਾਹਰ ਹੀ ਹੈ ਕਿ ਅਣਗਿਣਤ ਮਾਇਆ ਇਸ ਕਾਰਜ ਵਾਸਤੇ ਲੋੜੀਂਦੀ ਹੈ। ਸ੍ਰੀ ਭੈਣੀ ਸਾਹਿਬ ਵਿਕਾਸ ਸੰਮਤੀ ਦੀ ਮਾਇਕ ਸਹਾਇਤਾ ਵਾਸਤੇ ਸੰਗਤਾਂ ਨੇ ਅਗੇ ਵੀ ਕੁਝ ਉਦਮ ਕੀਤਾ ਹੈ। ਦੁਆਬੇ ਦੀ ਨਾਮਧਾਰੀ ਸੰਗਤ ਦੀ ਇਕ ਇਕੱਤਰਤਾ ਨਾਮਧਾਰੀ ਧਰਮਸਾਲਾ ਸੰਟਰਲ ਟਾਊਨ ਜਲੰਧਰ ਵਿਚ ਮਿਤੀ ੨੯ ਮਾਰਚ ੧੯੮੭ ਨੂੰ ਹੋਈ ਜਿਸ ਵਿਚ ਫੈਸਲਾ ਕੀਤਾ ਗਿਆ ਕਿ ਇਸ ਕਾਰਜ ਨੂੰ ਸਿਰੇ ਚਾੜ੍ਹਨ ਵਾਸਤੇ ਦੁਆਬੇ ਵਲੋਂ ਵੱਧ ਤੋਂ ਵੱਧ ਸਹਿਯੋਗ ਦਿਤਾ ਜਾਵੇ। ਇਹ ਮਾਇਆ ਦਾ ਸਹਿਯੋਗ ਹਰ ਮਹੀਨੇ ਦਾ ਹੋਵੇ ਜਾਂ ਇਕ ਮੁਸ਼ਤ ਸਾਲਾਨਾ ਅਥਵਾ ਛੇਮਾਹੀ ਵੀ ਹੋਵੇ। ਇਸ ਮੰਤਵ ਵਾਸਤੇ ਸਥਾਨਕ ਸੰਗਤਾਂ ਆਪ ਹੀ ਫੈਸਲਾ ਕਰਨ ਅਤੇ ਰਕਮਾਂ ਇਕੱਤਰ ਕਰਕੇ ਭੇਜਣ। ਬਾਕਾਇਦਾ ਰਸੀਦ ਪ੍ਰਾਪਤ ਕਰਨ। ਅਜਿਹੇ ਉੱਦਮ ਹੋਰ ਥਾਵਾਂ ਤੇ ਵੀ ਹੋ ਰਹੇ ਹਨ। ਜਿਥੇ ਅਜੇ ਨਹੀਂ ਉਪਰਾਲਾ ਹੋਇਆ ਉਥੇ ਵਿਸ਼ੇਸ਼ ਧਿਆਨ ਦਿਤਾ ਜਾਣਾ ਚਾਹੀਦਾ ਹੈ।

ਸੋ ਆਪ ਜੀ ਦੀ ਸੇਵਾ ਵਿਚ ਅਪੀਲ ਹੈ ਕਿ ਇਸ ਕਾਰਜ ਵਾਸਤੇ ਆਪਣਾ ਮਾਇਕ ਸਹਿਯੋਗ ਪਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਚੈੱਕ ਬੈਂਕ ਅਤੇ ਡਰਾਫਟ ਵੀ ਇਸ ਨਾਮ ਤੇ ਭੇਜੇ ਜਾ ਸਕਦੇ ਹਨ, Sri Bhaini Sahib Vikas Samiti। ਬਾਕਾਇਦਾ ਸੰਮਤੀ ਦਾ ਮੁਖ ਦਫਤਰ ਸ੍ਰੀ ਭੈਣੀ ਸਾਹਿਬ ਵਿਖੇ ਸਥਾਪਤ ਹੈ।

ਅਸੀਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੂੰ ਅਪੀਲ ਕਰਦੇ ਹਾਂ ਕਿ ਕਮਰਕੱਸੇ ਕਰ ਕੇ ਇਸ ਮਹਾਨ ਕਾਰਜ ਦੀ ਸਫਲਤਾ ਵਾਸਤੇ ਜੁੱਟ ਜਾਵੋ। ਇਹ ਸਮੇਂ ਦੀ ਮੰਗ ਹੈ।

—ਜਗਦੀਸ਼ ਸਿੰਘ

Sri Satguru Jagjit Singh Ji eLibrary NamdhariElibrary@gmail.com

ਝਗੜੇ ਹੋ ਕੇ ਈਰਖਾ ਤੋਂ ਬਚੋ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੋਲਾ ਮਹਲਾ ਸ੍ਰੀ ਭੈਣੀ ਸਾਹਿਬ ਦੀ ਸਮਾਪਤੀ ਤੇ ਜੋ ਉਪਦੇਸ਼ ਦਿਤਾ। ਉਸ ਵਿਚੋਂ ਕੁਝ ਅੰਸ਼।

ਤੁਸਾਂ ਗੁਰਬਾਣੀ ਦੇ ਸ਼ਬਦ ਅਤੇ ਲਾਵਾਂ ਦਾ ਪਾਠ ਸੁਣਿਆ ਹੈ। ਲਾਵਾਂ ਵਿਚ ਲਿਖਿਆ ਹੈ।

ਧਰਮੁ ਦ੍ਰਿੜਹੁ ਹਰਿਨਾਮੁ ਧਿਆਵਹੁ
ਸਿਮ੍ਰਿਤਿ ਨਾਮੁ ਦ੍ਰਿੜਾਇਆ ॥
ਸਤਿਗੁਰੁ ਗੁਰੁ ਪੂਰਾ ਆਰਾਧਹੁ
ਸਭਿ ਕਿਲਵਿਖ ਪਾਪ ਗਵਾਇਆ ॥

...ਬਚਿਆਂ ਨੂੰ ਚਾਹੀਦਾ ਹੈ ਕਿ ਲਾਵਾਂ ਵਿਚ ਦਰਜ ਭਾਵਾਂ ਨੂੰ ਗ੍ਰਹਿਣ ਕਰਨ ਅਤੇ ਧਰਮ ਵਿਚ ਦ੍ਰਿੜ ਰਹਿਣ।

ਨੌਜਵਾਨਾਂ ਨੂੰ ਖਾਸ ਤੌਰ ਤੇ ਥੋੜਾ ਧ੍ਯਾਨ ... ਹੈ ਕਿ ਗਲਤ ਰਸਮਾਂ ਰਿਵਾਜਾਂ ਵਿਰੁਧ ਹਰਗੇ ਹੋ ਕੇ ... ...ਮਾਪਿਆਂ ਦਾ ਬਹੁਤ ਫਰਜ ਬਣਦਾ ਹੈ ਕਿ ਉਹ ... ਕਿ ਬੱਚੇ ਸਵੇਰੇ ਉਠਦੇ ਹਨ, ਸਵੇਰੇ ਇਸ਼ਨਾਨ ... ਕਿ ਨਹੀਂ। ਜਿਸ ਤਰ੍ਹਾਂ ਕੱਚੇ ਦੁਧ ਤੋਂ ਜੋ ਮਰਜ਼ੀ ... ਖੋਆ, ਪਨੀਰ, ਦਹੀਂ ਆਦਿ ਇਸੇ ਤਰ੍ਹਾਂ ਬੱਚੇ ... ਉਹਨਾਂ ਦਾ ਏਨਾ ਕਸੂਰ ਨਹੀਂ ਜਿੰਨਾ ਮਾਤਾ ਪਿ... ਸਿਖਿਆ ਦੇਣ ਵਾਲੇ ਹਨ।

...ਮੇਰੇ ਕੋਲ ਕਈ ਸ਼ਕਾਇਤਾਂ ਆਉਂਦੀਆਂ ਹੋ... ਤੋਂ ਬਾਅਦ ਮੁੰਡਾ ਕੁੜੀ ਆ ਕੇ ਕਹਿੰਦੇ ਨੇ ਸਾਡੇ ... ਨੂੰ ਹਟਾਓ। ਉਹ ਮੰਗਣੋਂ ਨਹੀਂ ਹਟਦੇ, ਉਹ ... ਹਟਦੇ। ਸਾਡਾ ਨਾਮ ਨਾ ਲਿਓ ਉਹ ਤੰਗ ਕਰਨਗੇ...

—ਜਿਹੜੀ ਨੂੰਹ ਸਸ ਨੇ ਔਖੀ ਹੁੰਦੀ ਹੈ ... ਵਿਚ ਸੱਸ ਬਣ ਕੇ ਔਖਿਆਂ ਕਰਦੀ ਹੈ। ਜਿਹੜੇ ... ਨੇ ਹੁਕਮ ਦਿਤੇ ਨੇ ਉਹ ਸਾਡੇ ਫਾਇਦੇ ਵਾਸਤੇ ਹਨ।

—ਮੈਂ ਕਲ੍ਹ ਵੀ ਆਖਿਆ ਸੀ ਕਿ ... "ਝਗੜੇ ਹੋ ਕੇ ਈਰਖਾ ਤੋਂ ਬਚੋ। ਇਹ ... ਜ਼ੋਰਾਵਰ ਹੈ ਆਪਸ ਵਿਚ ਲੜਾਈ ਕਰਾਉਣ ਵਾਸਤੇ। ਅੱਜ ਨਾ ਲੜਣਗੇ, ਈਰਖਾ ਤੋਂ ਬਚ ਜਾਣਗੇ, ਆ... ਪ੍ਰੇਮ ਪਿਆਰ ਰਖਣਗੇ ਉਹਨਾਂ ਦੇ ਨਾਮ ਇਤਿਹਾ... ਆਉਣਗੇ ਕਿ ਇਹ ਜਿਹੜਾ ਮਰਦਾ ਚਲਦਾ ਸੁਰ ਸੀ ... ਹਾਲਤ ਭਾਈ ਗੁਰਦਾਸ ਦੇ ਕਹਿਣ ਅਨੁਸਾਰ

ਵਰਨਾ ਵਰਨ ਨ ਭਾਵਨੀ
ਖਹਿ ਖਹਿ ਜਲਨ ਬਾਂਸ ਅੰਗਿਆਰਾ

ਵਰਗੀ ਸੀ ਉਸ ਵੇਲੇ ਆਪ ਬੰਦੇ ਆਪਸ ਵਿਚ ... ਸਨ ਲੜਦੇ।

—ਇਹ ਮਾਪਿਆਂ ਦਾ ਫਰਜ਼ ਹੈ ਕਿ ਉਹ ਬ... ਦਸਣ ਕਿ ਸਵੇਰੇ ਉਠਣ ਅਤੇ ਭਜਨ ਕਰਨ ਦਾ ... ਫਾਇਦਾ ਹੈ :

ਉਠਿ ਇਸਨਾਨੁ ਕਰਹੁ ਪਰਭਾਤੇ
ਸੋਏ ਹਰਿ ਆਰਾਧੇ ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ
ਸੁਖ ਸਹਜ ਸੇਤੀ ਘਰਿ ਜਾਤੇ

"ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ
ਮਨ ਤਨ ਭਏ ਅਰੋਗਾ
ਕੋਟਿ ਬਿਘਨ ਲਾਥੇ ਪ੍ਰਭ ਸਰਣਾ
ਪ੍ਰਗਟੇ ਭਲੇ ਸੰਜੋਗਾ

Sri Satguru Jagjit Singh Ji eLibrary NamdhariElibrary@gmail.com

ਮਾਤਾ ਪਿਤਾ ਬੱਚਿਆਂ ਨੂੰ ਜਨਮ ਦੇ ਕੇ ਬੱਚਿਆਂ ਨੂੰ ਸਕੂਲ ਭੇਜ ਦੇਣਗੇ, ਕਾਲਜ ਭੇਜ ਦੇਣਗੇ, ਜਾਂ ਹੋਰ ਥਾਂ... ਉਥੇ ਲੜਾਈ ਝਿਗੜੇ ਕਰਨ, ਦਾਹੜੀਆਂ ਮੁਨਣ, ਖਾਣ ਪੀਣ ਲਗ ਪੈਣ, ਇਹਨਾਂ ਨੂੰ ਕੋਈ ਚਿੰਤਾ ਨਹੀਂ ਹੁੰਦੀ। ਉਹਨਾਂ ਨੂੰ ਫਿਕਰ ਇਸ ਗਲ ਦਾ ਹੁੰਦਾ ਹੈ, ਬੱਚੇ ਨੂੰ ਨੌਕਰੀ ਨਹੀਂ ਮਿਲੀ, ਨੰਬਰ ਚੰਗੇ ਨਹੀਂ ਮਿਲੇ।

ਪਰ ਆਪਣੇ ਨੰਬਰਾਂ ਦਾ ਪਤਾ ਨਹੀਂ। ਜੋ ਬਾਣੀ ਵਿਚ ਇਸ ਬਾਰੇ ਲਿਖਿਆ ਸਾਰੇ ਉਸ ਵਲ ਧਿਆਨ ਨਹੀਂ ਦਿੰਦੇ:

"ਜੋ ਘਰ ਛਡਿ ਗਵਾਵਣਾ ਸੋ ਲਗਾ ਮਨ ਮਾਹਿ ॥
ਜਿਥੈ ਜਾਇ ਤੁਧੁ ਵਰਤਣਾ ਤਿਸ ਕੀ ਚਿੰਤਾ ਨਾਹਿ ॥
ਫਾਥੇ ਸੇਈ ਨਿਕਲੇ ਜਿ ਗੁਰ ਕੀ ਪੈਰੀ ਪਾਹਿ॥"

ਜਦੋਂ ਸਾਧ ਸੰਗਤ ਵਿਚ ਬੈਠਦੇ ਹਾਂ ਤਾਂ ਇਹਨਾਂ ਗੱਲਾਂ ਦੀ ਵਿਚਾਰ ਕਰਨ ਲਈ ਬੈਠਦੇ ਹਾਂ। ਅਸਾਂ ਏਥੇ ਇਲੈਕਸ਼ਨਾਂ ਜਾਂ ਵੋਟਾਂ ਦੀ ਗੱਲ ਨਹੀਂ ਕਰਨੀ ਸਿਰਫ ਇਹ ਕੰਮ ਕਰਨਾ ਹੈ ਕਿ ਇਥੇ ਆ ਕੇ ਭਜਨ ਬਾਣੀ ਹੋਵੇ। ਸਾਡਾ ਜੀਵਨ ਸੁਧਰੇ, ਉੱਚਾ ਹੋਵੇ ਇਸ ਵਾਸਤੇ ਅਸਾਂ ਏਥੇ ਬੈਠਣਾ ਹੈ। ਨਾ ਹੀ ਬਾਹਰ ਦੁਕਾਨਾਂ ਤੇ ਜਾਣਾ ਅਤੇ ਗੱਲਾਂ ਕਰਦੇ ਰਹਿਣਾ ਚਾਹੀਦਾ ਹੈ ਅਤੇ ਨਾ ਹੀ ਏਥੇ ਬੈਠਿਆਂ ਧਿਆਨ ਲਾਂਭੇ ਜਾਣਾ ਚਾਹੀਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀਵਾਨ ਵਿਚ ਇਹ ਸ਼ਬਦ ਆਖਦੇ ਹੁੰਦੇ ਸਨ।

ਹਾਜ਼ਰ ਗੈਰ ਹਾਜ਼ਰ, ਗੈਰ ਹਾਜ਼ਰ ਹਾਜ਼ਰ ਸਿੱਖਾਂ ਪੁਛਿਆ, "ਸੱਚੇ ਪਾਤਸ਼ਾਹ, ਇਹਦਾ ਕੀ ਮਤਲਬ ਹੈ।"

ਸੱਚੇ ਪਾਤਸ਼ਾਹ ਨੇ ਕਿਹਾ ਕਿ ਜਿਹੜੇ ਬਾਹਰ ਬੈਠੇ ਨੇ ਦੀਵਾਨ ਵਿਚ ਹਾਜ਼ਰ ਨਹੀਂ ਹੋ ਸਕੇ ਗ਼ਰੀਬ ਨੇ ਜਾਂ ਸਰੀਰਕ ਤਕਲੀਫ ਕਰਕੇ ਆ ਨਹੀਂ ਸਕੇ, ਪਰ ਉਹ ਉਥੇ ਬੈਠੇ ਹੀ ਸੋਚਦੇ ਨੇ, ਸਤਿਗੁਰਾਂ ਦਾ ਦੀਵਾਨ ਲਗਿਆ ਹੋਵੇਗਾ ਸਾਧ ਸੰਗਤ ਇਕੱਠੀ ਹੁੰਦੀ ਹੈ, ਉਥੇ ਸਤਿ ਅਸਤਿ ਦਾ ਵੀਚਾਰ ਹੁੰਦਾ ਹੈ, ਬ੍ਰਹਮ ਦਾ ਬੋਧ ਹੁੰਦਾ ਹੈ, ਉਥੇ ਇਹ ਪਤਾ ਲਗਦੈ ਕਿ ਇਸ ਘਰ ਤੋਂ ਛੱਡ ਕੇ ਜਾਣਾ ਬਾਦ ਤਾਂ ਮਰਨ ਬਾਦ ਜਿਸ ਘਰ ਵਿਚ ਜਾਣੈ ਓਥੇ ਕਿਸ ਤਰ੍ਹਾਂ ਸਾਨੂੰ ਚੰਗਾ ਥਾਂ ਪ੍ਰਾਪਤ ਹੋ ਸਕਦੈ। ਇਹ ਸੋਚਣ ਵਾਲੇ ਸਿੱਖ ਹਾਜ਼ਰ ਨੇ।

ਪਰ ਜਿਹੜੇ ਦੇਰ ਕਰਕੇ ਇਥੇ ਬੈਠੇ ਦਿਸਦੇ ਨੇ ਪਰ ਸੋਚ ਉਹਨਾਂ ਦੀ ਹੋਰ ਥਾਂ ਹੈ ਕਿ ਫਲਾਣਾ ਕੰਮ ਹੋ ਗਿਆ ਕਿ ਨਹੀਂ, ਤਾਰੀਖ ਜਾਂ ਮੁਕਦਮੇ ਦੀ ਸੋਚ ਪਈ ਹੈ ਉਹ ਬੈਠੇ ਵੀ ਗੈਰ-ਹਾਜ਼ਰ ਨੇ।

ਸਤਿਗੁਰੂ ਜੀ ਕਿਰਪਾ ਕਰਨ ਸਾਡੀ ਇਹ ਹਾਲਤ ਬਣ ਜਾਵੇ। ਇਕ ਘੰਟਾ ਨਾਮ ਸਿਮਰਨ ਜੀਅ ਪ੍ਰਤੀ ਅਤੇ ਇਕ ਪਾਠ ਹਰ ਘਰ ਪ੍ਰਤੀ ਆਦਿ ਜਾਂ ਦਸਮ ਗ੍ਰੰਥ ਦਾ ਕਰਨਾ ਚਾਹੀਦਾ ਹੈ। ਇਹ ਜ਼ਰੂਰੀ ਹੋਣਾ ਚਾਹੀਦਾ ਹੈ ਇਸ ਵਿਚ ਕੋਈ ਉਕਾਈ ਨਹੀਂ ਹੋਣੀ ਚਾਹੀਦੀ। ਚਾਹੀਦਾ ਤਾਂ ਜੀਅ ਪ੍ਰਤੀ ਹੀ ਇਕ ਪਾਠ ਹੈ—ਪਰ ਤੁਸੀਂ ਘਰ ਪ੍ਰਤੀ ਹੀ ਕਰ ਲਵੋ।

"ਰਾਮ ਨਾਮੁ ਜਾਨਿਓ ਨਹੀ
ਕੈਸੇ ਉਤਰਸਿ ਪਾਰਿ"

ਰਾਰਾ ਰੰਗਹੁ ਇਆ ਮਨੁ ਅਪਨਾ ॥
ਹਰਿ ਹਰਿ ਨਾਮੁ ਜਪਹੁ ਜਪੁ ਰਸਨਾ ॥
ਰੇ ਰੇ ਦਰਗਹ ਕਹੈ ਨ ਕੋਊ ॥
ਆਉ ਬੈਠੁ ਆਦਰੁ ਸੁਭ ਦੇਊ

ਮੁਖ ਪੰਨੇ ਦੀ ਤਸਵੀਰ

ਵਰਿਆਮ ਦੇ ਪਰਮ ਸਨੇਹੀ ਸ: ਕਰਤਾਰ ਸਿੰਘ ਖਿਸਲੀਵਾਲਿਆਂ ਦਿੱਲੀ ਨੇ ਵਰਿਆਮ ਦੇ ਮੁਖ ਪੰਨੇ ਵਾਲੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਤਸਵੀਰ ਛਾਪਣ ਦੀ ਸੇਵਾ ਕਰਵਾਈ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਦਿਵਸ ੧੮ ਮਾਰਚ ਨੂੰ ਸੀ। ਇਸ ਦਿਨ ਸ੍ਰੀ ਭੈਣੀ ਸਾਹਿਬ ਵਿਚ ਹੋ ਰਹੇ ਹੋਲੇ ਮਹਲੇ ਦੇ ਪੁਰਬ ਤੇ ਸਤਿਗੁਰੂ ਜੀ ਦੇ ਕਾਰਨਾਮਿਆਂ ਨੂੰ ਯਾਦ ਕੀਤਾ ਗਿਆ। ਇਸ ਮੇਲੇ ਦੀ ਰਿਪੋਰਟ ਅਸੀਂ ਇਸੇ ਅੰਕ ਵਿਚ ਪ੍ਰਕਾਸ਼ਤ ਕਰ ਰਹੇ ਹਾਂ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਾਮ ਤੋਂ ਨਾਮਧਾਰੀ ਕੁਰਬਾਨ ਜਾਂਦੇ ਹਨ ਉਹਨਾਂ ਨੇ ਸਮਾਜ ਦੇਸ਼ ਅਤੇ ਸਮੁਚੇ ਸੰਸਾਰ ਦੇ ਲੋਕਾਂ ਦੀ ਭਲਾਈ ਵਾਸਤੇ ਬਹੁਤ ਜਤਨ ਕੀਤੇ।

ਸਰਬ ਸਾਂਝੀਵਾਲਤਾ ਅਤੇ ਮਾਨਵ ਏਕਤਾ ਦੇ ਇਸ ਪੈਗੰਬਰ ਦੀ ਜਨਮ ਸ਼ਤਾਬਦੀ ਸੰਮਤ ੨੦੪੬ ਨੂੰ ਆ ਰਹੀ ਹੈ। ਉਦੋਂ ਅਸੀਂ ਵੀ ਸੌਗਾਤਾਂ ਪਾਵਾਂਗੇ।

ਅਸੀਂ ਸ: ਕਰਤਾਰ ਸਿੰਘ ਜੀ ਦੇ ਉਦਮ ਦੀ ਸਲਾਘਾ ਵੀ ਕਰਦੇ ਹਾਂ ਅਤੇ ਧਨਵਾਦ ਵੀ। ਨਾਲ ਹੀ ਉਹਨਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਵੀ ਕਰਦੇ ਹਾਂ। ਅਜਿਹੇ ਉਦਮ ਹੋਣੇ ਚਾਹੀਦੇ ਹਨ।

—ਜਗਦੀਸ਼ ਸਿੰਘ

Sri Satguru Jagjit Singh Ji eLibrary NamdhariElibrary@gmail.com

ਦੋ-ਗ਼ਜ਼ਲਾਂ

—ਮੁਰਸ਼ਦ ਬੁਟਰਵੀ—

ਉਰਦੂ ਅਤੇ ਪੰਜਾਬੀ ਦੇ ਉਸਤਾਦ ਸ਼ਾਇਰ ਜਨਾਬ ਮੁਰਸ਼ਦ ਬੁਟਰਵੀ ਅਮਰੀਕਾ ਫੇਰੀ ਬਾਅਦ ਭਾਰਤ ਆਏ ਹੋਏ ਹਨ। ਦੋਹਾਂ ਜ਼ਬਾਨਾਂ ਵਿਚ ਉਹਨਾਂ ਦੀ ਇਕ ਇਕ ਗ਼ਜ਼ਲ ਹੇਠ ਪ੍ਰਕਾਸ਼ਤ ਕਰ ਰਹੇ ਹਾਂ। ਇਹ ਗ਼ਜ਼ਲਾਂ ਲਾਸ ਏਂਜਲਸ (ਅਮਰੀਕਾ) ਵਿਖੇ ਬਜ਼ਮੇ ਸੁਖ਼ਨ ਕੈਲੇਫੋਰਨੀਆ ਵਲੋਂ ਕਰਾਏ ਗਏ ਮੁਸ਼ਾਇਰੇ ਵਿਚ ਪੜ੍ਹੀਆਂ ਅਤੇ ਸਲਾਹੀਆਂ ਗਈਆਂ। ਇਸ ਮੁਸ਼ਾਇਰੇ ਵਿਚ ਅਹਿਮਦ ਫ਼ਰਾਜ਼ (ਪਾਕਿਸਤਾਨ), ਖ਼ੁਮਾਰ ਬਾਰਾ ਬੰਕਵੀ (ਹਾਏ ਹਾਏ ਏ ਜ਼ਾਲਮ ਜ਼ਮਾਨਾ ਦੇ ਲੇਖਕ) ਅਤੇ ਹੋਰ ਨਾਮਵਰ ਕਵੀ ਹਾਜ਼ਰ ਸਨ।

ਉਰਦੂ

ਬਦਨ ਪੇ ਆਤਿਸ਼ੇ ਗ਼ਮ[੧] ਮੇਂ ਜਲੇ ਆਹਿਸਤਾ ਆਹਿਸਤਾ
ਕਿ ਜੂੰ ਚਾਂਦੀ ਕੁਠਾਲੀ ਮੇਂ ਢਲੇ ਆਹਿਸਤਾ ਆਹਿਸਤਾ

ਮਿਰੇ ਇਹਸਾਸ ਕੀ ਰਗ ਰਗ ਸੇ ਫੂਟੇ ਖ਼ੂਨ ਕੇ ਸੋਤੇ[੨]!
ਜਬ ਉਸਨੇ ਹਾਥ ਹਸਰਤ ਸੇ ਮਲੇ ਆਹਿਸਤਾ ਆਹਿਸਤਾ

ਦਿਲੇ ਵੀਰਾਂ ਮੇਂ ਯੂੰ ਅੰਗੜਾਈਆਂ ਲੇਤੀ ਹੈ ਯਾਦ ਉਸਕੀ
ਸਜਨ ਮੰਡਪ ਮੇਂ ਯੂੰ ਦੁਲਹਨ ਚਲੇ ਆਹਿਸਤਾ ਆਹਿਸਤਾ

ਲਬੇ ਲਾਲੋਂ ਕੀ ਇਕ ਹਲਕੀ ਸੀ ਜੁੰਬਿਸ਼ ਕੀ ਹਲਾਵਤ[੩] ਸੇ
ਦਿਲੇ ਮੁਰਸ਼ਦ ਮੇਂ ਲਾਖੋਂ ਗ਼ਮ ਪਲੇ ਆਹਿਸਤਾ ਆਹਿਸਤਾ

ਨਿਗਾਹੇ ਦਹਿਰ[੪] ਕੇ ਮਾਰੇ ਸ਼ਕਸਤਾ ਪਾ ਵੋਹ ਦੀਵਾਨੇ!
ਰਹੇ ਉਲਫ਼ਤ ਮੇਂ ਸਰ ਕੇ ਬਲ ਚਲੇ ਆਹਿਸਤਾ ਆਹਿਸਤਾ

ਉਛਲਤੇ ਕੂਦਤੇ ਗਾਤੇ ਮਚਲਤੇ ਔਰ ਲਹਿਰਾਤੇ!
ਚਲੇ ਹੈਂ ਸੂਏ ਮਕਤਲ[੫] ਮਨਚਲੇ ਆਹਿਸਤਾ ਆਹਿਸਤਾ

ਰਿਆਜ਼ੇ ਦਹਿਰ[੬] ਮੇਂ ਰੋਤੀ ਹੈ ਸ਼ਬਨਮ[੭] ਖ਼ੂਨ ਕੇ ਆਂਸੂ
ਗੁਲੋਂ[੮] ਸੇ ਹਾਏ ਗਲ ਗਲ ਕੇ ਮਿਲੇ ਆਹਿਸਤਾ ਆਹਿਸਤਾ

---

੧. ਗ਼ਮ ਦੀ ਅੱਗ ੨. ਝਰਨੇ ੩. ਮਿਠਾਸ ੪. ਜ਼ਮਾਨੇ ਦੀ ਨਜ਼ਰ ੫. ਕਤਲਗਾਹ ੬. ਜ਼ਮਾਨੇ ਦਾ ਬਾਗ਼-ਸੰਸਾਰ ੭. ਤ੍ਰੇਲ ੮. ਫੁੱਲਾਂ ਨਾਲ

ਪੰਜਾਬੀ

ਦੀਵਾਰਾਂ ਨੂੰ ਜੀਭਾਂ ਲਾ ਦੇ
ਇਹ ਸੁਫ਼ਨਾ ਸਾਕਾਰ ਬਣਾ ਦੇ

ਇਸ ਬਰਫ਼ਾਨੀ ਸਾਗਰ ਦੇ ਵਿਚ
ਨੰਗੀ ਧੁੱਪ ਦਾ ਹਰਜ਼ ਵਿਛਾ ਦੇ

ਉਸ ਤਿਤਲੀ ਦੇ ਖੰਭਾਂ ਉੱਤੇ
ਐਗਾ ਇਹ ਸਦਨਾਂਦਾਂ ਪਾ ਦੇ!

ਛਿਟ ਕੁ ਮੇਰੇ ਮੂੰਹ ਨੂੰ ਲਾ ਕੇ
ਮੈਂਗੀਆਂ ਸੰਦਾ ਸਾਜ਼ ਤੇ ਲਾ ਦੇ

ਦੇਖ! ਫਿਰੇ ਇਹ ਸ਼ੇਖ਼ ਨਿਗਾਹੀ
ਮੈਨੂੰ ਨਾ ਕਮਤਾਬ ਬਣਾ ਦੇ

ਸ਼ਬਦਾਂ ਦੀ ਉਹ ਕਬਰ ਬਣਾ ਦੀ
ਜਿਹੜੀ ਤਾਜ ਦੇ ਹੋਸ਼ ਉਡਾ ਦੇ

ਜੋਸ਼ 'ਚ ਫਿਰਦੇ ਪਰਵਾਨੇ ਨੂੰ
ਲੂਸਣ ਦੇ ਆਦਾਬ ਸਿਖਾ ਦੇ

ਮੇਰੀ ਕਬਰ ਦੇ ਬੂਹੇ ਅਗਲਾ!
ਹਾਏ! ਇਹ ਪੱਥਰ ਸਰਕਾ ਦੇ

ਦੇਰ ਸਵੇਰੇ ਜ਼ਹਿਰ ਪਲਾ ਕੇ
ਮੁਰਸ਼ਦ ਤੋਂ ਸੁਕਰਾਤ ਬਣਾ ਦੇ

Sri Satguru Jagjit Singh Ji eLibrary NamdhariElibrary@gmail.com

ਮੇਲਾ ਵਿਸਾਖੀ ਅਤੇ ਸਾਡਾ ਇਤਿਹਾਸ

—ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)

ਪੰਜਾਬ ਤਿਉਹਾਰਾਂ ਦਾ ਦੇਸ਼ ਹੈ। ਇਥੇ ਹਰ ਮੌਸਮ ਦੀ ਤਬਦੀਲੀ ਨਾਲ ਕਿਸੇ ਨਾ ਕਿਸੇ ਮੇਲੇ ਜਾਂ ਉਤਸਵ ਦਾ ਸੰਬੰਧ ਜ਼ਰੂਰ ਜੁੜਿਆ ਹੁੰਦਾ ਹੈ। ਇਹਨਾਂ ਮੌਕਿਆਂ ਵਿਚ ਪੰਜਾਬੀ ਲੋਕ ਖੁਸ਼ੀਆਂ ਮਨਾਉਂਦੇ, ਬੀਤੇ ਸਮੇਂ ਨੂੰ ਅਲਵਿਦਾ ਅਤੇ ਆਉਣ ਵਾਲੇ ਮੌਸਮ ਦਾ ਸਤਿਕਾਰ ਕਰਦੇ ਹਨ। ਇਹਨਾਂ ਮੇਲਿਆਂ ਵਿਚੋਂ ਇਕ ਵਿਸਾਖੀ ਦਾ ਮੇਲਾ ਵੀ ਹੈ ਜਿਸਨੂੰ ਸਿੱਖ ਇਤਿਹਾਸ ਵਿਚ ਬਹੁਤ ਜ਼ਿਆਦਾ ਮਹੱਤਤਾ ਪ੍ਰਾਪਤ ਹੈ। ਗੁਰੂ ਸਾਹਿਬਾਨ ਦੇ ਬਹੁਤ ਸਾਰੇ ਹੁਕਮਨਾਮਿਆਂ ਵਿਚ ਸੰਗਤਾਂ ਨੂੰ ਵਿਸਾਖੀ ਦੇ ਤਿਉਹਾਰ ਤੇ ਆਉਣ ਦੀ ਤਾਕੀਦ ਕੀਤੀ ਹੈ। ਇਸ ਮਹੀਨੇ ਬਨਾਸਪਤੀ ਨੂੰ ਸੁਖ ਦਾ ਸਾਹ ਆਉਂਦਾ ਹੈ। ਸਰਦੀ ਦੀ ਰੁੱਤ ਨਾਲ ਲਿਤਾੜੀ ਹੋਈ ਬਨਾਸਪਤੀ ਬਹਾਰ ਦੇ ਮੌਸਮ ਵਿਚ ਜਾਗਦੀ ਹੈ ਅਤੇ ਇਸ ਮਹੀਨੇ ਖੁਸ਼ੀ ਨਾਲ ਮੱਤ ਉਠਦੀ ਹੈ। ਕਿਸਾਨ ਭੰਗੜੇ ਪਾਉਂਦੇ ਹਨ, ਖੁਸ਼ੀਆਂ ਮਨਾਉਂਦੇ ਹਨ ਕਿਉਂਕਿ ਇਸ ਮਹੀਨੇ ਕਣਕ ਦੀ ਫਸਲ ਦੀ ਰਾਖੀ ਮੁਕ ਜਾਂਦੀ ਹੈ। ਫਸਲ ਪਕਣੀ ਸ਼ੁਰੂ ਹੋ ਜਾਂਦੀ ਹੈ ਅਤੇ ਸੂਰਜ ਇਸ ਮਹੀਨੇ ਬ੍ਰਿਖ ਰਾਸ਼ੀ ਵਿਚ ਆ ਜਾਂਦਾ ਹੈ। ਇਹ ਤਿਉਹਾਰ ਵਿਸਾਖ ਮਹੀਨੇ ਦੀ ਸੰਗਰਾਂਦ ਨੂੰ ਮਨਾਇਆ ਜਾਂਦਾ ਹੈ ਅਤੇ ਇਤਿਹਾਸ ਵਿਚ ਇਸਦੀ ਬਹੁਤ ਮਹੱਤਤਾ ਹੈ।

ਆਰੀਆ ਕੌਮ ਦੇ ਭਾਰਤ ਵਿਚ ਆਗਮਨ ਤੋਂ ਪਹਿਲਾਂ ਦਰਾਵੜ ਜਾਤੀ ਦੇ ਲੋਗ ਵੀ ਇਸ ਤਿਉਹਾਰ ਨੂੰ ਮਨਾਇਆ ਕਰਦੇ ਸਨ ਅਤੇ ਆਪਣੀਆਂ ਕਣਕ ਦੀਆਂ ਫਸਲਾਂ ਨੂੰ ਸਾਂਭਣ ਲਈ ਤਿਆਰੀਆਂ ਆਰੰਭ ਕਰ ਦਿੰਦੇ। ਕਿਹਾ ਜਾਂਦਾ ਹੈ ਕਿ ਵਿਸਾਖੀ ਵਾਲੇ ਸ਼ੁਭ ਦਿਹਾੜੇ ਨੂੰ ਮਹਾਤਮਾ ਬੁਧ ਜੀ ਨੂੰ ਗਿਆਨ ਹਾਸਲ ਹੋਇਆ ਸੀ ਅਤੇ ਫਿਰ ਬੁਧ ਮਤ ਦਾ ਸ੍ਰੀ ਗਣੇਸ਼ ਕੀਤਾ। ਇਸ ਤਿਉਹਾਰ ਦੀ ਸਿਖ ਇਤਿਹਾਸ ਵਿਚ ਵੀ ਬਹੁਤ ਮਹਾਨਤਾ ਹੈ। ੧੫੦੮ ਈਸਵੀ ਨੂੰ ਵਿਸਾਖੀ ਦਾ ਹੀ ਸ਼ੁਭ ਦਿਹਾੜਾ ਸੀ ਜਦ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਰਦੁਆਰ ਵਿਖੇ ਪੂਰਬ ਵਾਲੀ ਦਿਸ਼ਾ ਵਿਚ ਸੂਰਜ ਨੂੰ ਪਾਣੀ ਦੇਣ ਦੀ ਨਿਸਫਲਤ ਪਛਮ ਵਲ ਪਾਣੀ ਸੁਟਣਾ ਸ਼ੁਰੂ ਕਰ ਦਿਤਾ ਪਰ ਸਿਖ ਇਤਿਹਾਸ ਵਿਚ ਵਿਸਾਖੀ ਦਾ ਤਿਉਹਾਰ ਮਨਾਉਣ ਦੀ ਪਰੰਪਰਾ ਤੀਸਰੀ ਪਾਤਸ਼ਾਹੀ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਭਾਈ ਪਾਰੋ ਅਤੇ ਭਾਈ ਬਲੋ ਜੀ ਦੀ ਫੁਰਮਾਇਸ਼ ਤੇ ਸ਼ੁਰੂ ਕੀਤਾ ਅਤੇ ਹਰ ਸਾਲ ਇਸ ਦਿਨ ਸਤਿਗੁਰਾਂ ਦੇ ਦਰਬਾਰ ਸਿਖ ਇਕਠੇ ਹੋਣੇ ਸ਼ੁਰੂ ਹੋ ਗਏ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੇਲੇ ਤਕ ਇਸ ਦਿਹਾੜੇ ਦੀ ਮਹਾਨਤਾ ਬਹੁਤ ਹੀ ਵਧ ਚੁਕੀ ਸੀ, ਜਿਵੇਂ ਕਿ:-

ਮੇਲਾ ਭਯੋ ਵਿਸਾਖੀ ਭਾਰੀ।
ਕਰ ਦਰਸ਼ਨ ਫਲ ਪਾਏ ਚਾਰੀ।
ਹਰਿ ਗੋਬਿੰਦ ਕ੍ਰਿਪਾਲ।
ਸਭਿ ਸੰਗਤ ਕੋ ਕੀਓ ਨਿਹਾਲ।

(ਗੁਰ ਬਿਲਾਸ ਪਾਤਸ਼ਾਹੀ ੬)

ਭਾਵੇਂ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਗੁਰ ਗਦੀ ਚੇਤ ਸੁਦੀ ੧੪ ਸੰਮਤ ੧੭੨੧ (੧੬੬੪ ਈਸਵੀ) ਨੂੰ ਸੌਂਪ ਦਿਤੀ ਸੀ ਪਰ ਅਸਲੀ ਅਰਥਾਂ ਵਿਚ ਭਾਈ ਮੱਖਣ ਸ਼ਾਹ ਜੀ ਨੇ ਆਪ ਜੀ ਨੂੰ ੧੭੨੨ ਬਿਕਰਮੀ ੧੬੬੫ ਈਸਵੀ ਦੀ ਵਿਸਾਖੀ ਨੂੰ ਪ੍ਰਗਟ ਕੀਤਾ ਸੀ ਤਾਂ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਅਨੰਦ ਕਾਰਜ ਬਕਾਲਾ ਨਿਵਾਸੀ ਸ੍ਰੀ ਹਰੀ ਚੰਦ ਜੀ ਦੀ ਸਪੁਤਰੀ ਨਾਨਕੀ ਜੀ ਨਾਲ ੧੬੭੦ ਬਿਕਰਮੀ (੧੬੧੩ ਈਸਵੀ) ਨੂੰ ਵਿਸਾਖੀ ਵਾਲੇ ਦਿਨ ਹੋਇਆ ਜਿਵੇਂ ਕਿ ਗੁਰ ਬਿਲਾਸ ਪਾਤਸ਼ਾਹੀ ੬ ਵਿਚ ਅੰਕਿਤ ਹੈ:-

ਵਿਸਾਖ ਮਾਸ ਤਬ ਚੜ੍ਹੀ ਬਹਾਰਾ।
ਨਗਰ ਬੀਚ ਸਭ ਸੁੰਦਰ ਗਾਤਾ।
ਪਾਵਸ ਸਮ ਬਰਖਾ ਘਨ ਹੋਈ।
ਤਾ ਦਿਨ ਜਹਿਰੀ ਕੋਠ ਨਾ ਰਹੀ।

ਇਸ ਤੋਂ ਬਾਅਦ ਸਿਖ ਇਤਿਹਾਸ ਨਾਲ ਸੰਬੰਧਤ ਘਟਨਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਦੀ ਹੈ। ਉਹਨਾਂ ਦਾ ਲਹੌਰ ਨਿਵਾਸੀ ਸ੍ਰੀ ਹਰਜਸ ਜੀ ਦੀ ਸਪੁਤਰੀ ਮਾਤਾ ਜੀਤੋ ਜੀ ਨਾਲ ਕੁੜਮਾਈ ਦਾ ਸ਼ੁਭ ਸ਼ਗਨ ੧੭੩੦ ਬਿਕਰਮੀ (੧੬੭੩ ਈਸਵੀ) ਨੂੰ ਕੀਤਾ ਗਿਆ। ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦ ਹੋਣ ਤੋਂ ਬਾਅਦ ਭਾਈ ਰਾਮ ਕੋਇਰ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰ ਗਦੀ ਦਾ ਤਿਲਕ ੧੭੩੩ ਬਿਕਰਮੀ (੧੬੭੬ ਈਸਵੀ) ਨੂੰ ਲਗਾਇਆ।੫

ਸੰਮਤ ੧੭੩੪ ਬਿਕ੍ਰਮੀ (੧੬੭੭ ਈਸਵੀ) ਦੀ ਵਿਸਾਖੀ ਨੂੰ ਕਾਬਲ ਤੋਂ ਇਕ ਗੁਰੂ ਘਰ ਦਾ ਪ੍ਰੀਤਵਾਨ ਸਿਦਕੀ ਸਿਖ ਗੁਰੂ ਸਾਹਿਬ ਜੀ ਲਈ ਕੀਮਤੀ ਉਨੀ ਸ਼ਾਮਿਆਨਾ ਲੈ ਕੇ ਹਾਜ਼ਰ ਹੋਇਆ ਸੀ। ਬਾਅਦ ਵਿਚ ਇਸਦੇ ਘਰ ਦੋ ਪੁਤਰ ਗੁਰੂ ਸਾਹਿਬ ਦੀ ਕਿਰਪਾ ਨਾਲ ਹੋਏ ਅਤੇ ਇਹੀ ਗੁਰ ਸਿਖ ਗੁਰ ਦਰਬਾਰ ਵਿਚ ਪਸ਼ਮੀਨੇ ਦਾ ਚੰਦੋਆ ਤੰਬੂ ਲੈ ਕੇ ਹਾਜ਼ਰ ਹੋਇਆ ਸੀ ਜਿਸ ਵਿਚ ਸੋਨੇ ਅਤੇ ਚਾਂਦੀ ਦੀਆਂ ਤਾਰਾਂ ਦੀ ਕੁਢਾਈ ਕੀਤੀ ਹੋਈ ਸੀ ਅਤੇ ਇਸਦੇ

Sri Satguru Jagjit Singh Ji eLibrary NamdhariElibrary@gmail.com

ਬਰਾਬਰ ਕੋਈ ਹੋਰ ਬਹੁਮੁਲਾ ਤੋਹਫਾ ਹਿੰਦੋਸਤਾਨ ਦੇ ਸ਼ਾਹੀ ਖਜ਼ਾਨੇ ਵਿਚ ਵੀ ਨਹੀਂ ਸੀ ।੬

ਸੰਮਤ ੧੭੩੯ ਬਿਕਰਮੀ ਦੀ ਵਿਸਾਖੀ ਸੀ ਕਿ ਜਦੋਂ ਭਾਈ ਨੰਦ ਲਾਲ ਜੀ ਮੁਲਤਾਨ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਹਾਜ਼ਰ ਹੋਏ ਅਤੇ ਗੁਰਸਿਖਿਆ ਲੈਕੇ ਗੁਰ ਸਿਖ ਸਜੇ ਅਤੇ ਗੁਰੂ ਜੀ ਨੂੰ ਉਹਨਾਂ ਨੇ ਪੁਸਤਕ "ਬੰਦਗੀ ਨਾਮਾ" ਭੇਂਟ ਕੀਤੀ । ਗੁਰੂ ਜੀ ਇਸਨੂੰ ਵਾਚਕੇ ਬਹੁਤ ਖੁਸ਼ ਹੋਏ ਅਤੇ ਇਸਦਾ ਨਾਮ "ਜ਼ਿੰਦਗੀ ਨਾਮਾ", ਰਖ ਦਿਤਾ ੭ ਸੰਮਤ ੧੭੪੧ (੧੬੮੪ ਈਸਵੀ) ਨੂੰ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦੀ ਸ਼ਾਦੀ ਸ੍ਰੀ ਰਾਮਚੰਦ ਜੀ ਦੀ ਸਪੁਤਰੀ ਮਾਤਾ ਸੁੰਦਰੀ ਜੀ ਨਾਲ ਹੋਈ ੮। ਸੰਮਤ ੧੭੪੮ ਬਿਕਰਮੀ (੧੬੯੧ ਈਸਵੀ) ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਾਲ ਦੀ ਵਿਸਾਖੀ ਰਵਾਲਸਰ ਮਨਾਉਣ ਦਾ ਫੈਸਲਾ ਕੀਤਾ ਅਤੇ ਚੰਬੇ ਦੀ ਰਾਣੀ ਨੂੰ ਗੁਰ ਸਿਖਿਆ ਦਿਤੀ ਤੇ ਆਪਣੇ ਤੀਰ ਨਾਲ ਅਸ਼ੀਰਵਾਦ ਦਿਤੀ ਸੀ ।੯

੧੭੫੨ ਬਿਕਰਮੀ (੧੬੯੫ ਈਸਵੀ) ਦੀ ਵਿਸਾਖੀ ਨੂੰ ਸੰਗਤਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਫਰਿਆਦ ਕੀਤੀ ਕਿ ਧਜਰੂੜ ਦੇ ਜ਼ਾਲਮ ਰੰਘੜਾਂ ਨੇ ਉਹਨਾਂ ਦਾ ਮਾਲ ਅਸਬਾਬ ਲੁਟ ਲਿਆ ਹੈ ਤਾਂ ਗੁਰੂ ਜੀ ਨੇ ਛੇਤੀ ਹੀ ਉਹਨਾਂ ਦੀ ਸੁਧਾਈ ਕੀਤੀ ਅਤੇ ਸੰਗਤ ਦਾ ਲੁਟਿਆ ਮਾਲ ਵਾਪਸ ਦਿਵਾਇਆ ੧੦। ਕਈ ਇਤਹਾਸਕਾਰ ਕੁਝ ਜਨਮ ਸਾਖੀਆਂ ਦੇ ਅਧਾਰ ਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਵੀ ਵਿਸਾਖ ਮਹੀਨੇ ਦਾ ਹੋਇਆ ਮੰਨਦੇ ਹਨ ।੧੧

੧੬੯੯ ਈਸਵੀ ਦੇ ਵਿਸਾਖੀ ਵਾਲੇ ਦਿਨ ਦਸ਼ਮ ਗੁਰੂ ਜੀ ਨੇ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਦੀ ਸਾਜਨਾ ਕੀਤੀ ਅਤੇ ਪੰਜ ਪਿਆਰਿਆਂ ਦੀ ਚੋਣ ਕੀਤੀ ਸੀ । ਸੰਮਤ ੧੭੬੩ ਬਿਕਰਮੀ (੧੭੦੬ ਈਸਵੀ) ਦੀ ਵਿਸਾਖੀ ਵੀ ਸਿਖ ਇਤਹਾਸ ਵਿਚ ਖਾਸ ਅਹਿਮੀਅਤ ਰਖਦੀ ਹੈ । ਇਸ ਸਮੇਂ ਗੁਰੂ ਜੀ ਤਲਵੰਡੀ ਸਾਬੋ ਕੀ ਵਿਖੇ ਸਨ ਅਤੇ ਇਥੇ ਹੀ ਆਪ ਜੀ ਨੇ ਆਪਣਾ ਕਮਰਕੱਸਾ ਖੋਲ੍ਹਿਆ ਅਤੇ ਭਾਈ ਮਨੀ ਸਿੰਘ ਜੀ ਕੋਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਲਿਖਾਈ ਕਰਵਾਈ ।੧੨

ਸਮਾਣਾ, ਸਢੌਰਾ, ਸਹਾਰਨਪੁਰ ਆਦਿਕ ਨੂੰ ਜਿਤਦਾ ਹੋਇਆ ਬੰਦਾ ਬਹਾਦਰ ੧੭੭੦ ਬਿਕਰਮੀ (੧੭੧੪ ਈਸਵੀ) ਦੀ ਵਿਸਾਖੀ ਨੂੰ ਅੰਮ੍ਰਿਤਸਰ ਪੁਜਾ ਅਤੇ ਸ਼ਾਹੀ ਦਰਬਾਰ ਸਜਾਇਆ ਅਤੇ ਸਿਖਾਂ ਨੂੰ ਉਚੀ ਜਗ੍ਹਾ ਬੈਠਕੇ ਦਰਸ਼ਨ ਦਿਤੇ ੧੩। ਬੰਦਾ ਬਹਾਦਰ ਜੀ ਦੇ ਸ਼ਹੀਦ ਹੋਣ ਤੋਂ ਬਾਅਦ ਤੱਤ ਖਾਲਸਾ ਅਤੇ ਬੰਦਈ ਖਾਲਸਾ ਵਿਚ ਝਗੜਾ ਉਠ ਖਲੋਇਆ । ਬੰਦਈ ਖਾਲਸਾ ਵਾਲੇ ਬੰਦਾ ਬਹਾਦਰ ਜੀ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਉਤਰਾਧਿਕਾਰੀ ਮੰਨਦੇ ਸਨ ਅਤੇ 'ਫਤਹਿ ਦਰਸ਼ਨ' ਦਾ ਨਾਹਰਾ ਲਾਉਂਦੇ । ਇਹ ਝਗੜਾ ਬਹੁਤ ਵਧ ਗਿਆ । ਆਖੀਰ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਝਗੜਾ ਨਿਪਟਾਉਣ ਲਈ ਸ੍ਰੀ ਅੰਮ੍ਰਿਤਸਰ ਵਿਖੇ ਭੇਜਿਆ । ਭਾਈ ਮਨੀ ਸਿੰਘ ਜੀ ਨੇ ਦੋਹਾਂ ਧੜਿਆਂ ਨੂੰ ਰਾਜ਼ੀ ਕੀਤਾ ਕਿ ਦੋ ਪਰਚੀਆਂ ਜਿਹਨਾ ਉਪਰ ਦੋਹਾਂ ਦੇ ਨਾਮ ਲਿਖੇ ਹੋਣਗੇ, ਸਰੋਵਰ ਵਿਖੇ ਹਰਿ ਕੀ ਪਉੜੀ ਵਿਚ ਸੁਟ ਦਿਤੀਆਂ ਜਾਣਗੀਆਂ ਅਤੇ ਜਿਸਦੀ ਪਰਚੀ ਤਰਦੀ ਰਹੇਗੀ, ਉਹ ਗਰੁਪ ਜਿਤਿਆ ਹੋਇਆ ਸਮਝਿਆ ਜਾਵੇਗਾ । ਇਹ ਘਟਨਾ ੧੭੭੮ ਬਿਕ੍ਰਮੀ (੧੭੨੧ ਈਸਵੀ) ਨੂੰ ਵਾਪਰੀ ਸੀ ਜਿਸ ਵਿਚ ਤੱਤ ਖਾਲਸਾ ਨੂੰ ਜਿਤ ਹੋਈ ।੧੪

ਸਿਖਾਂ ਉਪਰ ਮੁਗਲ ਸਰਕਾਰ ਜ਼ੁਲਮ ਕਰ ਕਰਕੇ ਤੰਗ ਆ ਚੁਕੀ ਸੀ ਪਰ ਸਿਖਾਂ ਨੂੰ ਦਬਾਉਣਾ ਔਖਾ ਹੋ ਗਿਆ ਸੀ । ਅਖੀਰ ਸੂਬੇਦਾਰ ਜ਼ਕਰੀਆ ਖਾਨ ਨੇ ਭਾਈ ਸੁਬੇਗ ਸਿੰਘ ਦੇ ਰਾਹੀਂ ਭਾਈ ਕਪੂਰ ਸਿੰਘ ਜੀ ਨੂੰ ਜਗੀਰ ਦੇਣ ਦਾ ਫੈਸਲਾ ਕੀਤਾ ਜੋ ਕਿ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਦੀ ਪਾਲਸੀ ਸੀ । ਸ੍ਰੀ ਅਕਾਲ ਤਖਤ ਸਾਹਿਬ ਤੇ ਜਥੇਦਾਰਾਂ ਨੇ ਕਾਫੀ ਸੋਚ ਵਿਚਾਰ ਕੀਤੀ ਤੇ ਫਿਰ ਸਰਦਾਰ ਕਪੂਰ ਸਿੰਘ ਜੀ ਨੇ ੧੭੯੦ ਬਿਕਰਮੀ (੧੭੩੩ ਈਸਵੀ) ਨੂੰ ਵਿਸਾਖੀ ਵਾਲੇ ਦਿਨ ਜਗੀਰ ਦਾ ਪਟਾ ਪ੍ਰਵਾਨ ਕੀਤਾ ।੧੫

ਸੰਮਤ ੧੮੦੩ ਬਿਕ੍ਰਮੀ (੧੭੪੬ ਈਸਵੀ) ਨੂੰ ਸਿਖ, ਗੁਰਦੁਆਰਾ ਰੋੜੀ ਸਾਹਿਬ ਵਿਖੇ ਵਿਸਾਖੀ ਦਾ ਮੇਲਾ ਮਨਾਉਣਾ ਚਾਹੁੰਦੇ ਸਨ । ਦੀਵਾਨ ਲਖਪਤ ਰਾਏ ਦੇ ਭਰਾ ਜਸਪਤ ਰਾਏ ਨੇ ਸਿਖਾਂ ਤੇ ਹਮਲਾ ਕਰ ਦਿਤਾ ਪਰ ਸਿਖਾਂ ਨੇ ਉਸਨੂੰ ਅਸਾਨੀ ਨਾਲ ਹਰਾ ਦਿਤਾ ਅਤੇ ਨਿਬੌਹ ਸਿੰਘ ਨਾਮੀ ਇਕ ਗੁਰਸਿਖ ਨੇ ਉਸਦਾ ਸਿਰ ਧੜ ਤੋਂ ਅੱਡ ਕਰ ਦਿਤਾ । ਇਸ ਘਟਨ ਤੋਂ ਬਾਅਦ ਦੀਵਾਨ ਲਖਪਤ ਰਾਏ ਨੇ ਕਾਹਨੂੰਵਾਨ ਦੇ ਛੰਭ ਵਿਚ ਕਤਲੇ ਆਮ ਮਚਾਈ ਸੀ ।

੧੭੬੩ ਈਸਵੀ ਨੂੰ ਜਦੋਂ ਖਾਲਸਾ, ਅੰਮ੍ਰਿਤਸਰ ਵਿਖੇ ਵਿਸਖੀ ਦਾ ਤਿਉਹਾਰ ਮਨਾਉਣ ਲਈ ਜੁੜਿਆ ਤਾਂ ਕੁਝ ਕਸੂਰ ਦੇ ਬ੍ਰਾਹਮਣਾਂ ਨੇ ਆਕੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਕੋਲ ਪੁਕਾਰ ਕੀਤੀ ਕਿ ਕਸੂਰ ਦਾ ਸੂਬੇਦਾਰ ਉਸਮਾਨ ਖਾਨ ਉਹਨਾ ਦੀ ਲੜਕੀ ਜ਼ਬਰਦਸਤੀ ਚੁਕ ਕੇ ਲੈ ਗਿਆ ਹੈ । ਆਪ ਜੀ ਨੇ ਕੁਝ ਸਿਖ ਲੈਕੇ ਕਸੂਰ ਦੇ ਜ਼ਾਲਮ ਨਵਾਬ ਤੋਂ ਬ੍ਰਾਹਮਣ ਦੀ ਕੰਨਿਆ ਛੁੜਵਾ ਲਿਆਂਦੀ ।

੧੭੬੮ ਈਸਵੀ ਨੂੰ ਜਲਾਲਾਬਾਦ ਲੋਹਾਰੀ ਦੇ ਹਾਕਮ ਵਿਰੁਧ ਵਿਸਾਖੀ ਵਾਲੇ ਦਿਨ ਗੁਰਮਤਾ ਸੋਧਕੇ ਉਸਨੂੰ ਸਬਕ ਸਿਖਾਉਣ ਲਈ ਚੜ੍ਹਾਈ ਕੀਤੀ ਅਤੇ ਉਸ ਤੋਂ ਕੋਠੀਆ

Sri Satguru Jagjit Singh Ji eLibrary NamdhariElibrary@gmail.com

ਗਈਆਂ ਵਧੀਕੀਆਂ ਦਾ ਬਦਲਾ ਲਿਆ।

੧੭੭੬ ਈਸਵੀ ਨੂੰ ਵਿਸਾਖੀ ਵਾਲੇ ਦਿਨ ਕਰਮ ਸਿੰਘ ਨਿਰਮਲੇ ਨੇ ਸਮਨਾ ਦੇ ਕੰਢੇ ਜਾਬਤਾ ਖਾਂ ਅਤੇ ਉਸਦੇ ਪੁਤਰ ਗੁਲਾਮ ਕਾਦਰ ਰੋਹੇਲੇ ਨੂੰ ਅੰਮ੍ਰਿਤ ਛਕਾਇਆ ਜੋ ਕਿ ਪੂਰਨ ਗੁਰਸਿਖ ਨਾ ਨਿਬੜਿਆ। ਲੋਕ ਸਾਹਿਤ ਵਿਚ ਇਸਦਾ ਜ਼ਿਕਰ ਇਸ ਪ੍ਰਕਾਰ ਆਉਂਦਾ ਹੈ:-

ਇਕ ਗੁਰੂ ਦਾ ਐਸਾ ਚੇਲਾ।
ਅੱਧਾ ਸਿਖ ਅੱਧਾ ਰੁਹੇਲਾ।

੧੭੬੧ ਈਸਵੀ ਦੀ ਵਿਸਾਖੀ ਨੂੰ ਸਿਖਾਂ ਨੇ ਗੁਰਮਤਾ ਸੋਧਿਆ ਕਿ ਲਾਹੌਰ ਨੂੰ ਜਿੱਤਣ ਦਾ, ਉਪਰਾਲਾ ਕਰਨਾ ਚਾਹੀਦਾ ਹੈ ਅਤੇ ਜਿੱਤਕੇ ਹੀ ਦਮ ਲੈਣਾ ਹੈ। ੧੭੬੨ ਈਸਵੀ ਨੂੰ ਵੱਡਾ ਘੱਲੂਘਾਰਾ ਵਾਪਰਨ ਦੇ ਬਾਵਜੂਦ ਵੀ ਸਿੱਖ ਅੰਮ੍ਰਿਤਸਰ ਵਿਚ ਵਿਸਾਖੀ ਦਾ ਤਿਉਹਾਰ ਧੂਮ ਧੁਮਾਕੇ ਮਨਾਉਣ ਲਈ ਪਹੁੰਚੇ, ਜਿਸ ਤੋਂ ਅਹਿਮਦ ਸ਼ਾਹ ਅਬਦਾਲੀ ਨੇ ਖਾਰ ਖਾਕੇ ਸ੍ਰੀ ਹਰਿਮੰਦਰ ਨੂੰ ਬਰੂਦ ਨਾਲ ਉਡਾਉਣ ਦੀ ਨੀਤ ਧਾਰ ਲਈ।

੧੮੦੦ ਈਸਵੀ ਤੋਂ ਇਕ ਸਾਲ ਪਹਿਲਾਂ ਲਾਹੌਰ ਸ਼ਹਿਰ ਨੂੰ ਮਹਾਰਾਜਾ ਰਣਜੀਤ ਸਿੰਘ ਫਤਿਹ ਕਰ ਚੁਕਾ ਸੀ। ਸੋ ਇਸ ਸਾਲ ਦੀ ਵਿਸਾਖੀ ਨੂੰ ਮਹਾਰਾਜੇ ਨੇ ਆਪਣੇ ਆਪ ਨੂੰ ਮਹਾਰਾਜਾ ਘੋਸ਼ਿਤ ਕੀਤਾ ਅਤੇ ਇਹ ਰਸਮ ਨੂੰ ਬਾਬਾ ਸਾਹਿਬ ਸਿੰਘ ਬੇਦੀ ਊਨੇ ਵਾਲਿਆਂ ਨੇ ਅਦਾ ਕੀਤਾ। ੧੮੩੨ ਈਸਵੀ ਨੂੰ ਸਿਖ ਅੰਮ੍ਰਿਤਸਰ ਇਕਤਰ ਹੋਏ ਅਤੇ ਇਕ ਚਾਦਰ ਵਿਛਾਕੇ ੭ ਲਖ ਰੁਪਿਆ ਇਕਠਾ ਕੀਤਾ ਜਿਸ ਨਾਲ ਸ੍ਰੀ ਹਰਿਮੰਦਰ ਸਾਹਿਬ ਦੀ ਮੁਰੰਮਤ ਭਾਈ ਦੇਸ ਰਾਜ ਜੀ ਦੀ ਨਿਗਰਾਨੀ ਹੇਠ ਸ਼ੁਰੂ ਹੋਈ।

੧੮੫੭ ਈਸਵੀ ਦੀ ਵਿਸਾਖੀ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ "ਸੰਤ ਖਾਲਸਾ" ਦੀ ਸਾਜਨਾ ਕੀਤੀ ਅਤੇ ਪੰਜ ਸਿੰਘਾਂ ਦੀ ਚੋਣ ਕੀਤੀ ਅਤੇ ਸਿਖੀ ਵਿਚ ਆ ਰਹੀ ਗਿਰਾਵਟ ਨੂੰ ਦੂਰ ਕੀਤਾ ਅਤੇ ਅੰਗਰੇਜ਼ ਸਰਕਾਰ ਖਿਲਾਫ ਨਾ-ਮਿਲਵਰਤਣ ਅੰਦੋਲਨ ਚਲਾਇਆ ਅਤੇ ਅੰਗਰੇਜ਼ੀ ਵਸਤਾਂ ਦਾ ਬਾਈਕਾਟ ਕੀਤਾ

੧੯੦੪ ਈਸਵੀ ਦੀ ਵਿਸਾਖੀ ਨੂੰ ਅੰਮ੍ਰਿਤਸਰ ਵਿਖੇ ਖਾਲਸਾ ਕਾਲਜ ਦੀ ਪ੍ਰਫੁਲਤਾ ਲਈ ਇਕਠ ਹੋਇਆ ਜਿਸ ਵਿਚ ਪੰਜਾਬ ਦਾ ਲਾਟ ਵੀ ਸ਼ਾਮਲ ਸੀ ਤਾਂ ਨਾਭੇ ਦੇ ਮਹਾਰਾਜਾ ਹੀਰਾ ਸਿੰਘ ਨੇ ਖਾਲਸਾ ਕਾਲਜ ਲਈ ਮੰਗਤਾ ਬਣਕੇ ਝੋਲੀ ਅੱਡੀ ਅਤੇ ਮਾਇਆ ਇਕੱਤਰ ਕੀਤੀ। ੧੮੮੫ ਈਸਵੀ ਨੂੰ ਵਿਸਾਖੀ ਵਾਲੇ ਦਿਨ ਰਾਵਲਪਿੰਡੀ ਤੋਂ 'ਗੁਰਮਤਿ ਪ੍ਰਕਾਸ਼' ਰਿਸਾਲਾ ਛਪਣਾ ਸ਼ੁਰੂ ਹੋਇਆ ਜੋ ਕਿ ਸਿੰਘ ਸਭੀਆਂ ਦਾ ਪੱਤਰ ਸੀ ਅਤੇ ਬਾਬਾ ਖੇਮ ਸਿੰਘ ਬੇਦੀ ਦੇ ਧੜੇ ਨਾਲ ਸੰਬੰਧ ਰਖਦਾ ਸੀ ਜੋ ਕਿ ਪੰਜਾਬੀ ਅਤੇ ਉਰਦੂ ਦੋਨਾਂ ਭਾਸ਼ਾਵਾਂ ਵਿਚ ਛਪਦਾ ਸੀ। ੧੮੯੩ ਈਸਵੀ ਦੀ ਵਿਸਾਖੀ ਵਾਲੇ ਦਿਨ 'ਗੁਰਮੁਖੀ ਅਖਬਾਰ' ਸਿੰਘ ਸਭਾ ਅੰਮ੍ਰਿਤਸਰ ਵਲੋਂ ਛਪਣਾ ਸ਼ੁਰੂ ਹੋਇਆ।

੧੯੦੪ ਈਸਵੀ ਦੀ ਵਿਸਾਖੀ ਨੂੰ ਖਾਲਸਾ ਪੰਚਮੈਨ ਐਸੋਸੀਏਸ਼ਨ ਵਲੋਂ "ਖਾਲਸਾ ਸੰਗਮੈਨ" ਮੈਗਜ਼ੀਨ ਤ੍ਰੈਮਾਸਿਕ ਛਪਣਾ ਸ਼ੁਰੂ ਹੋਇਆ ਜਿਸਦੇ ਐਡੀਟਰ ਅਰਜਨ ਸਿੰਘ ਬੀ.ਏ. ਸਨ। ੧੯੧੨ ਈਸਵੀ ਦੇ ਵਿਸਾਖੀ ਵਾਲੇ ਦਿਨ ਗਿਆਨੀ ਹੀਰਾ ਸਿੰਘ ਦਰਦ ਦੀ ਸਰਪ੍ਰਸਤੀ ਹੇਠ ਪ੍ਰਸਿਧ ਰਿਸਾਲਾ "ਫੁਲਵਾੜੀ" ਛਪਣਾ ਸ਼ੁਰੂ ਹੋਇਆ। ੧੯੧੮ ਦੀ ਵਿਸਾਖੀ ਨੂੰ 'ਚੰਦਰ' ਮਾਸਿਕ ਰਸਾਲਾ ਛਪਣਾ ਸ਼ੁਰੂ ਹੋਇਆ ਜੋ ਕਿ ਥੋੜੀ ਦੇਰ ਬਾਅਦ ਹੀ ਬੰਦ ਹੋ ਗਿਆ ਸੀ। ੧੯੧੯ ਈਸਵੀ ਦੀ ਵਿਸਾਖੀ ਨੂੰ ਅੰਮ੍ਰਿਤਸਰ ਵਿਖੇ ਜਲ੍ਹਿਆਂ ਵਾਲੇ ਬਾਗ ਵਿਚ ਨਿਹੱਥੇ ਇਕਠੇ ਹੋਏ ਲੋਕਾਂ ਉਪਰ ਜਨਰਲ ਡਾਇਰ ਨੇ ਗੋਲੀ ਚਲਾਈ ਅਤੇ ਲਾਸ਼ਾਂ ਦੇ ਢੇਰ ਲਗਾ ਦਿਤੇ। ੧੯੨੨ ਈਸਵੀ ਦੀ ਵਿਸਾਖੀ ਨੂੰ "ਨਿਰੋਲ ਖਾਲਸਾ" ਪਤਰ ਜਲੰਧਰ ਤੋਂ ਪ੍ਰਕਾਸ਼ਤ ਹੋਣਾ ਸ਼ੁਰੂ ਹੋਇਆ ਜਿਸਦੇ ਸੰਪਾਦਕ ਸਰਦਾਰ ਲੱਖਾ ਸਿੰਘ ਬਜਾਜ ਸਨ।

੧੯੨੪ ਈਸਵੀ ਦੀ ਵਿਸਾਖੀ ਨੂੰ ਪੰਜ ਸੌ ਸਿੰਘਾਂ ਦਾ ਸ਼ਹੀਦੀ ਜਥਾ ਜੈਤੋ ਦੇ ਮੋਰਚੇ ਤੇ ਜਾਣ ਲਈ ਸ੍ਰੀ ਅੰਮ੍ਰਿਤਸਰ ਪੁਜਾ। ੧੯੩੪ ਈਸਵੀ ਦੀ ਵਿਸਾਖੀ ਨੂੰ ਬਰਮਾ ਵਿਚ ਵਸਦੇ ਸਿਖਾਂ ਵਲੋਂ "ਬਰਮਾ ਦਰਪਨ" ਸਮਾਚਾਰ ਪਤਰ ਪ੍ਰਕਾਸ਼ਤ ਹੋਣਾ ਅਰੰਭ ਹੋਇਆ। ੧੯੫੧ ਈਸਵੀ ਦੇ ਵਿਸਾਖੀ ਵਾਲੇ ਦਿਨ ਸਰਦਾਰ ਪ੍ਰੀਤਮ ਸਿੰਘ ਚਾਹਲ ਵਲੋਂ "ਜੀਵਨ ਪ੍ਰੀਤੀ" ਰਿਸਾਲਾ ਪਟਿਆਲੇ ਤੋਂ ਪ੍ਰਕਾਸ਼ਤ ਹੋਣਾ ਸ਼ੁਰੂ ਹੋਇਆ।

੧੯੭੮ ਦੀ ਵਿਸਾਖੀ ਨੂੰ ਅੰਮ੍ਰਿਤਸਰ ਵਿਖੇ ਨਿਰੰਕਾਰੀ ਸਮਾਗਮ ਦਾ ਵਿਰੋਧ ਕਰਨ ਹਿਤ ੧੩ ਸਿਖ ਮਾਰੇ ਗਏ। ਇਸ ਘਟਨਾ ਨੇ ਪੰਜਾਬ ਵਿਚ ਨਵੇਂ ਦੁਖਾਂਤ ਦਾ ਮੁਢ ਬੰਨ੍ਹਿਆ।

ਇਹ ਕੁਝ ਕੁ ਤੱਥ ਮੈਂ ਇਤਿਹਾਸਕ ਪੁਸਤਕਾਂ 'ਚੋਂ ਇਕਠੇ ਕੀਤੇ ਹਨ ਜੋ ਕਿ ਵਿਸਾਖੀ ਦੇ ਦਿਹਾੜੇ ਦੀ ਮਹੱਤਤਾ ਨੂੰ ਉਜਾਗਰ ਕਰਦੇ ਹਨ।

ਅੰਤਿਕਾ

੧. ਡਾਕਟਰ ਸਾਹਿਬ ਸਿੰਘ—ਗੁਰੂ ਨਾਨਕ ਦੇਵ ਐਂਡ ਹਿਜ਼ ਟੀਚਿੰਗਜ਼ — ਪੰਨਾ ੨੭

੨. ਗਿਆਨੀ ਗਿਆਨ ਸਿੰਘ — ਤਵਾਰੀਖ ਗੁਰੂ ਖਾਲਸਾ — ਭਾਗ ਪਹਿਲਾ, ਪੰਨਾ ੩੨੩ ਅਤੇ ਭਾਈ ਕਾਹਨ ਸਿੰਘ ਨਾਭਾ —ਮਹਾਨ ਕੋਸ਼ — ਪੰਨਾ ੧੧੧੦ ਅਤੇ ਗਿਆਨੀ ਈਸ਼ਰ ਸਿੰਘ ਨਾਰਾ ਵਿਸਾਖ ਨਹੀਂ ਕਤਕ — ਨਾਰ,

Sri Satguru Jagjit Singh Ji eLibrary NamdhariElibrary@gmail.com

ਪਬਲੀਕੇਸ਼ਨਜ਼ ਦਿਲੀ

੩. ਸਰਦਾਰ ਖਜਾਨ ਸਿੰਘ — ਹਿਸਟਰੀ ਆਫ ਦੀ ਸਿਖ ਰੀਲੀਜਨ — ਜਿਲਦ ਪਹਿਲਾ, ਪੰਨਾ ੧੫੩, ਭਾਸ਼ਾ ਵਿਭਾਗ ਪੰਜਾਬ, ਪਟਿਆਲਾ

੪. ਗਿਆਨੀ ਗਿਆਨ ਸਿੰਘ — ਤਵਾਰੀਖ ਗੁਰੂ ਖਾਲਸਾ — ਭਾਸ਼ਾ ਵਿਭਾਗ ਪੰਜਾਬ, ਪਟਿਆਲਾ

੫. —ਉਹੀ ਪੰਨਾ ੭੬੨

੬. ਪ੍ਰਿੰਸੀਪਲ ਸਤਬੀਰ ਸਿੰਘ — ਪੁਰਖ ਭਗਵੰਤ — ਨਿਊ ਬੁਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ

੭ ਉਹੀ — ਬਾਵਾ ਸਰੂਪ ਦਾਸ ਭੱਲਾ — ਮਹਿਮਾ ਪ੍ਰਕਾਸ਼ — ਭਾਗ ਪਹਿਲਾ, ਪੰਨਾ ੭੭੫.

੮. ਭਾਈ ਸੰਤੋਖ ਸਿੰਘ ਜੀ — ਗੁਰ ਪ੍ਰਤਾਪ ਸੂਰਜ, ਰੁਤ ੫ ਅੰਸੂ ੫

੯. ਪ੍ਰਿੰਸੀਪਲ ਸਤਬੀਰ ਸਿੰਘ — ਪੁਰਖ ਭਗਵੰਤ — ਪੰਨਾ ੧੦੬

੧੦. ਗਿਆਨੀ ਗਿਆਨ ਸਿੰਘ — ਤਵਾਰੀਖ ਗੁਰੂ ਖਾਲਸਾ — ਭਾਗ ਦੂਜਾ, ਪੰਨਾ ੮੫੪ ਅਤੇ ਭਾਈ ਵੀਰ ਸਿੰਘ — ਕਲਗੀਧਰ ਚਮਤਕਾਰ — ਪੂਰਬਾਰਧ, ਪੰਨਾ ੩੦੫

੧੧ ਡਾਕਟਰ ਰਤਨ ਸਿੰਘ ਜੱਗੀ — ਪੁਰਾਤਨ ਜਨਮ ਸਾਖੀ — ਅਤੇ ਡਾਕਟਰ ਕ੍ਰਿਪਾਲ ਸਿੰਘ — ਜਨਮ ਸਾਖੀ ਪਰੰਪਰਾ — ਪੰਜਾਬੀ ਯੂਨੀਵਰਸਿਟੀ, ਪਟਿਆਲਾ

੧੨. ਹਰਜੀਤ ਸਿੰਘ ਖੜਗ — ਸਪੋਕਸ ਮੈਨ ਵੀਕਲੀ, ਵਿਸਾਖੀ ਨੰਬਰ ੧੯੭੧. ਪੰਨਾ ੧੫

੧੩. ਸਰਦਾਰ ਖਜਾਨ ਸਿੰਘ — ਫਿਲਾਸਫੀ ਐਂਡ ਹਿਸਟਰੀ ਆਫ ਸਿਖ ਰਿਲੀਜਨ

੧੪. ਨਰਿੰਦਰ ਕਿਸ਼ਨ ਸਿਨਹਾ — ਰਾਈਜ਼ ਆਫ ਸਿਖ ਪਾਵਰ —

੧੫. ਬਾਬਾ ਪ੍ਰੇਮ ਸਿੰਘ ਹੋਤੀ — ਜੀਵਨ ਬ੍ਰਿਤਾਂਤ ਨਵਾਬ ਕਪੂਰ ਸਿੰਘ — ਪੰਨਾ ੪੨ ਕ੍ਰਿਪਾਲ ਸਿੰਘ ਨਾਰੰਗ — ਪੰਜਾਬ ਦਾ ਇਤਿਹਾਸ —

★

REPUTED MANUFACTURER OF :

SUPERIOR QUALITY

SINGLE BARREL &

DOUBLE BARREL

B. L. 12 BORE

GUNS

Grams : SNIPER — Phone : 3805

MODERN GUN WORKS

Opp. Industrial Estate,
JAMMU CANTT.

Sri Satguru Jagjit Singh Ji eLibrary NamdhariElibrary@gmail.com

ਕਹਾਣੀ

ਗੁਰੂ ਕਾ ਲੰਗਰ

ਪ੍ਰੀਤਮ ਸਿੰਘ ਪੰਛੀ

ਉਹ ਕਈ ਦਿਨਾਂ ਤੋਂ ਭੁੱਖਾ ਸੀ। ਉਸਨੂੰ ਸਾਧ ਬਣਨ ਤੋਂ ਬਾਅਦ ਅਜੀਬ ਕਿਸਮ ਦੇ ਹਾਲਾਤ ਨਾਲ ਵਾਹ ਪਾਉਣਾ ਪਿਆ ਸੀ। ਉਸਨੂੰ ਕਈ ਵਾਰ ਬਹੁਤ ਭੁੱਖਾ ਰਹਿਣਾ ਪੈਂਦਾ। ਕਈ ਵਾਰ ਜਦੋਂ ਢਿੱਡ ਭਰਨ ਨੂੰ ਮਿਲ ਜਾਂਦਾ ਤਾਂ ਇਕੱਠਾ ਹੀ ਖਾ ਜਾਂਦਾ ਅਤੇ ਕਸਬੇ ਤੋਂ ਬਾਹਰ ਕਿਸੇ ਇਕਾਂਤ ਜਗ੍ਹਾ ਕਿਸੇ ਰੁੱਖ ਦੀ ਛਾਵੇਂ ਸਾਰਾ ਦਿਨ ਲੇਟਿਆ ਰਹਿੰਦਾ। ਫਿਰ ਦੋ ਦਿਨ ਤੱਕ ਤਾਂ ਉਸਨੂੰ ਭੁੱਖ ਹੀ ਮਹਿਸੂਸ ਨਾ ਹੁੰਦੀ। ਪਰ ਤੀਜੇ ਦਿਨ ਜਦੋਂ ਢਿੱਡ ਵਿਚ ਚੂਹੇ ਨੱਚਣ ਲਗਦੇ ਤਾਂ ਉਹ ਬੇਚੈਨ ਹੋ ਜਾਂਦਾ। ਉਹ ਬਾਵਰਿਆਂ ਜਿਹਾ ਮੰਦਰਾਂ, ਠਾਕਰਦੁਆਰਿਆਂ ਅੱਗੇ ਕਿਸੇ ਦੇ ਤਰਸ ਖਾ ਜਾਣ ਦੀ ਉਮੀਦ ਲੈਕੇ ਖਲੋਤਾ ਰਹਿੰਦਾ। ਜੇ ਕਿਸੇ ਦੀ ਨਜ਼ਰ ਪੈ ਜਾਂਦੀ ਤਾਂ ਉਸਨੂੰ ਖਾਣ ਨੂੰ ਕੁਝ ਮਿਲ ਜਾਂਦਾ। ਪਰ ਤਸੱਲੀ ਨਾ ਹੁੰਦੀ ਅਤੇ ਇਕਾਂਤ ਵਿਚ ਜਾਕੇ ਕਰਤਾਰੋ ਨੂੰ ਯਾਦ ਕਰਕੇ ਰੋਂਦਾ ਰਹਿੰਦਾ। ਕਰਤਾਰੋ ਦੇ ਹੱਥਾਂ ਦੇ ਪੱਕੇ ਪਰਾਉਂਠੇ, ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ ਉਸਨੂੰ ਯਾਦ ਆਉਂਦੇ।

ਉਸਨੂੰ ਸਾਥੀ ਤੇਜਾ ਸਾਧ ਕਹਿੰਦੇ। ਉਹ ਦਸੇਂ ਦਰਜੇ ਦਾ ਸਾਧ ਕਹਾਉਂਦਾ। ਮੈਲੇ ਕਪੜੇ, ਸਿਰ ਤੇ ਉਲਝੀਆਂ ਜਟਾਂ ਤੇ ਪੈਰਾਂ ਵਿਚ ਟੁੱਟੀ ਚੱਪਲ। ਲੋਕ ਅਜਿਹੇ ਸਾਧ ਨੂੰ ਟੁੱਕੜ-ਜੀਆ ਸਾਧ ਕਹਿੰਦੇ ਸਨ ਜਿਸਨੂੰ ਨਾ ਕਪੜੇ ਪਹਿਨਣ ਦਾ ਚੱਜ ਸੀ ਤੇ ਨਾ ਮੰਗਕੇ ਖਾਣ ਦਾ।

ਅਸਲ ਵਿਚ ਉਹ ਤੇਜਾ ਜੱਟ ਹੁੰਦਾ ਸੀ। ਸਾਧ ਤਾਂ ਉਸਨੂੰ ਮਜਬੂਰੀ ਨੇ ਬਣਾ ਦਿਤਾ ਸੀ। ਫਿਰ ਸਾਧਾਂ ਵਾਲੇ ਤੌਰ ਤਰੀਕੇ ਵੀ ਤਾਂ ਉਹ ਨਹੀਂ ਸੀ ਸਿਖ ਸਕਿਆ। ਉਹ ਸਾਧਾਂ ਦੇ ਕਈ ਡੇਰਿਆਂ ਵਿਚ ਗਿਆ ਸੀ। ਉਸਨੂੰ ਕੋਈ ਓਪਰਾ ਜਿਹਾ ਬੰਦਾ ਸਮਝਕੇ ਦੁਰਕਾਰ ਦਿਤਾ ਜਾਂਦਾ ਰਿਹਾ ਸੀ। ਸ਼ਕਲ ਸੂਰਤ ਤੋਂ ਉਹ ਸਾਧ ਨਹੀਂ ਤੇਜਾ ਜੱਟ ਹੀ ਲੱਗਦਾ ਸੀ।

ਭਰ ਜੁਆਨੀ ਵਿਚ ਉਹ ਆਪਣੀ, ਮਤਰੇਈ ਮਾਂ ਦੇ ਡਰੋਂ ਘਰ ਤੋਂ ਨਿਕਲ ਆਇਆ ਸੀ ਅਤੇ ਦਰ ਦਰ ਭਟਕਣ ਬਾਅਦ ਹਮੀਰਪੁਰ ਦੇ ਨੰਬਰਦਾਰ ਪ੍ਰੀਤੇ ਦੇ ਘਰ ਰਹਿ ਗਿਆ ਸੀ। ਜਾਤ ਬਿਰਾਦਰੀ ਦਾ ਹੋਣ ਕਰਕੇ ਉਸ ਘਰ ਦਾ ਚੌਧਰੀ ਬਣ ਗਿਆ ਸੀ। ਪ੍ਰੀਤਾ ਨੰਬਰਦਾਰ ਕਮਜ਼ੋਰ ਜਿਹਾ ਬੰਦਾ ਸੀ, ਇਸ ਲਈ ਉਸਦੀ ਘਰ ਵਾਲੀ ਤੇਜੇ ਵਲ ਝੁਕ ਗਈ ਸੀ ਅਤੇ ਦੋਹਾਂ ਵਿਚ ਪਿਆਰ ਵਧ ਗਿਆ ਸੀ। ਇਸ ਤਰ੍ਹਾਂ ਉਸ ਨੇ ਜਿੰਦਗੀ ਦਾ ਬਹੁਤ ਚੰਗਾ ਸਮਾਂ ਪ੍ਰੀਤੇ ਦੇ ਘਰ ਬਿਤਾਇਆ ਸੀ। ਕਰਤਾਰੋ ਜਦੋਂ ਇਕ ਸਾਲ ਬਰਸਾਤਾਂ ਵਿਚ ਟਾਈਫਾਈਡ ਨਾਲ ਮਰ ਗਈ ਸੀ ਤਾਂ ਉਸਦੇ ਜੁਆਨ ਹੋ ਰਹੇ ਮੁੰਡਿਆਂ ਦੀਆਂ ਨਜ਼ਰਾਂ ਬਦਲ ਗਈਆਂ ਸਨ ਅਤੇ ਉਹ ਆਪਣੀ ਢਲਦੀ ਉਮਰੇ ਅਣਜਾਣੇ ਰਾਹਾਂ ਤੇ ਨਿਕਲ ਪਿਆ ਸੀ।

ਅੱਜ ਉਹ ਚਾਰ ਦਿਨ ਤੋਂ ਭੁੱਖਾ ਸੀ। ਸੰਗਰੀਆ ਮੰਡੀ ਦੇ ਇਕ ਦੋ ਮੰਦਰਾਂ ਅੱਗੇ ਉਹ ਘੰਟਿਆਂ ਬੱਧੀ ਖਲੋਤਾ ਰਿਹਾ ਸੀ, ਪਰ ਉਸਨੂੰ ਕਿਸੇ ਨੇ ਨਹੀਂ ਸੀ ਗੌਲਿਆ ਅਤੇ ਇਹੋ ਸੁਨਣ ਨੂੰ ਮਿਲਿਆ ਸੀ—"ਕੰਮ ਕਰਨ ਦੇ ਮਾਰੇ ਸਾਧ ਬਣਨ ਨੂੰ ਆ ਜਾਂਦੇ ਨੇ। ਚਿਹਰੇ ਤੇ ਕਿੰਨਾ ਨੂਰ ਬਰਸ ਰਿਹਾ ਹੈ, ਸਾਲ ਭਰ ਤੋਂ ਜਿਵੇਂ ਮੂੰਹ ਹੀ ਨਾ ਧੋਤਾ ਹੋਵੇ।"

ਇਕ ਮਾਰਵਾੜੀ ਦੇ ਘਰੋਂ ਉਸਨੇ ਸਾਧਾਂ ਦੀ ਇਕ ਟੋਲੀ ਨਿਕਲਦੀ ਤੱਕੀ ਸੀ, ਨਵੇਂ ਦੁਧ ਧੋਤੇ ਕਪੜਿਆਂ ਵਿਚ। ਤੇਜਾ ਏਨਾ ਭੋਲਾ ਨਹੀਂ ਸੀ, ਉਨ੍ਹਾਂ ਵਿਚੋਂ ਬਹੁਤ ਸਾਰੇ ਦਿਖਾਵਾ ਕਰਦੇ ਲੱਗ ਰਹੇ ਸਨ, ਪਰ ਮਾਰਵਾੜਨਾਂ ਫਿਰ ਵੀ ਉਨ੍ਹਾਂ ਦੇ ਮਖਮਲੀ ਪੈਰਾਂ ਤੇ ਵਿਛ ਵਿਛ ਜਾਂਦੀਆਂ ਸਨ। ਉਸਨੇ ਜਦੋਂ ਆਪਣੇ ਕਪੜਿਆਂ ਅਤੇ ਮੈਲ ਜੰਮੇ ਕਪੜਿਆਂ ਵਲ ਦੇਖਿਆ ਸੀ ਤਾਂ ਉਥੋਂ ਖਿਸਕ ਗਿਆ ਸੀ। ਉਂਜ ਵੀ ਉਹ ਕਿਸੇ ਦੇ ਘਰ ਮੰਗਣ ਨੂੰ ਹੇਠੀ ਸਮਝਦਾ ਸੀ।

ਫਿਰ ਉਸਨੂੰ ਕਿਸੇ ਨੇ ਦਸਿਆ ਸੀ, ਕਿ ਮੰਡੀ ਦੇ ਗੁਰਦੁਆਰੇ ਵਿਚ ਲੰਗਰ ਹੈ। ਉਹ ਵੀ ਤਾਂ ਸਿੱਖਾਂ ਦੇ ਘਰ ਦਾ ਜੰਮ ਪਲ ਹੈ, ਕੀ ਹੋਇਆ ਜੇ ਘੋਨ ਮੋਨ ਹੋ ਗਿਆ ਸੀ। ਗੁਰੂ ਕਾ ਲੰਗਰ ਤਾਂ ਸਾਰਿਆਂ ਲਈ ਖੁਲ੍ਹਾ ਹੈ। ਉਹ ਕਈ ਵਾਰ ਪਿੰਡਾਂ ਗੁਰੂ ਕੇ ਲੰਗਰਾਂ ਵਿਚ ਜਾ ਚੁਕਾ ਸੀ ਅਤੇ ਜੋ ਤ੍ਰਿਪਤੀ ਉਸਨੂੰ ਗੁਰੂ ਕੇ ਲੰਗਰ ਤੋਂ ਮਿਲੀ ਸੀ, ਹੋਰ ਕਿਧਰੇ ਨਹੀਂ।

ਉਹ ਢਿੱਡ ਭਰਨ ਦੀ ਉਮੀਦ ਲੈਕੇ ਮੰਡੀ ਤੋਂ ਬਾਹਰਵਾਰ ਬਣੇ ਗੁਰਦੁਆਰੇ ਵਲ ਚਲ ਗਿਆ। ਦੂਰੋਂ ਉਸਨੇ ਦੇਖਿਆ, ਗੁਰਦੁਆਰੇ ਦੇ ਸਾਹਮਣੇ ਵਾਲੇ ਟਾਵੇਂ ਟਾਵੇਂ ਰੁੱਖਾਂ ਨਾਲ ਘਿਰੇ ਮੈਦਾਨ ਵਿਚ ਪੰਗਤਾਂ ਲੱਗੀਆਂ ਹੋਈਆਂ ਹਨ। ਉਹ ਵਾਹੋਦਾਹੀ ਉਥੇ ਪਹੁੰਚ ਗਿਆ। ਇਕ ਲੰਮੀ ਪੰਗਤ ਦੇ ਇਕ ਸਿਰੇ ਤੇ ਜਾਕੇ ਬੈਠ ਗਿਆ।

ਉਹ ਬਹੁਤ ਖੁਸ਼ ਸੀ। ਅੱਜ ਪੇਟ ਭਰਕੇ ਖਾਣ ਨੂੰ ਮਿਲੇਗਾ। ਗੁਰੂ ਕਾ ਲੰਗਰ ਗੁਰੂ ਕਾ ਹੀ ਹੈ। ਫਿਰ ਉਸਨੇ ਸੋਚਿਆ—ਉਹ ਐਵੇਂ ਘੋਨ ਮੋਨ ਸਾਧ ਬਣ ਗਿਆ ਸੀ। ਤੇਜੇ ਤੋਂ ਤੇਜਾ ਸਿੰਘ ਬਣਕੇ ਕਿਸੇ ਗੁਰਦੁਆਰੇ ਬੈਠ ਜਾਂਦਾ

Sri Satguru Jagjit Singh Ji eLibrary NamdhariElibrary@gmail.com

ਤਾਂ ਜ਼ਿੰਦਗੀ ਸੌਖੀ ਲੰਘ ਜਾਂਦੀ। ਪਰ ਪੰਜਾਬ ਵਿਚ ਗੜਬੜ ਸੀ। ਪੰਜਾਬ ਤਾਂ ਅੰਨ੍ਹਿਆਂ ਵਾਂਗ ਸਿਵਿਆਂ ਦੇ ਰਾਹ ਪੈ ਗਿਆ ਸੀ। ਲੋਕ ਗੁਰਦੁਆਰਿਆਂ ਵਿਚ ਜਾਣ ਤੋਂ ਕਤਰਾਉਂਦੇ ਸਨ, ਪਤਾ ਨਹੀਂ ਕਦੋਂ ਗੋਲੀ ਦਾ ਸ਼ਿਕਾਰ ਹੋ ਜਾਣ। ਇਸੇ ਲਈ ਉਹ ਇਧਰ ਰਾਜਸਥਾਨ ਦੀ ਸੀਮਾ ਵਲ ਦੌੜ ਆਇਆ ਸੀ।

ਪੰਗਤਾਂ ਵਿਚ ਬੈਠੇ ਲੋਕਾਂ ਨੂੰ ਲੰਗਰ ਦੇ ਪ੍ਰਸ਼ਾਦੇ ਤੇ ਮਾਂਹ ਦੀ ਦਾਲ ਵਰਤਾਈ ਜਾ ਰਹੀ ਸੀ। ਲੰਗਰ ਦੇ ਪ੍ਰਸ਼ਾਦਿਆਂ ਤੇ ਦਾਲ ਵਿਚ ਭੋਲੇ ਨੂੰ ਅਜੀਬ ਜਿਹੀ ਮਹਿਕ ਮਹਿਸੂਸ ਹੁੰਦੀ ਸੀ। ਬਿਲਕੁਲ ਖਾਲਿਸ ਘਿਉ ਦੇ ਮੁਸ਼ਕ ਵਾਲੇ ਪਰਾਉਂਠਿਆਂ ਵਰਗੀ ਜੋ ਕਰਤਾਰੋ ਉਸਨੂੰ ਪਕਾਕੇ ਖੁਆਉਂਦੀ ਹੁੰਦੀ ਸੀ। ਜਿਉਂ ਹੀ ਵਰਤਾਵਾ ਉਸਦੇ ਨੇੜੇ ਆ ਰਿਹਾ ਸੀ, ਉਸਦੇ ਢਿੱਡ ਵਿਚ ਹੋਰ ਕੜਵੱਲ ਪੈਣ ਲੱਗੇ ਸਨ। ਕਈ ਵਾਰ ਉਸਨੇ ਆਪਣੀ ਜਟਕੀ ਲੋਰ ਵਿਚ ਮਨ ਹੀ ਮਨ ਸੋਚਿਆ, ਉਹ ਅਗਾਂਹ ਹੋਕੇ ਪ੍ਰਸ਼ਾਦਿਆਂ ਦਾ ਟੋਕਰਾ ਤੇ ਦਾਲ ਦੀ ਭਰੀ ਬਾਲਟੀ ਖੋਹਕੇ ਲੈ ਜਾਵੇ। ਪਰ ਫਿਰ ਭੁੱਖ ਨਾਲ ਨਿਢਾਲ ਆਪਣੇ ਆਪ ਦਾ ਖਿਆਲ ਉਸਤੇ ਹਾਵੀ ਹੋ ਗਿਆ ਸੀ। ਉਸੇ ਪਲ ਉਸਦੇ ਮਨ ਵਿਚ ਇਕ ਛੋਟੀ ਜਿਹੀ ਘਟਨਾ ਕੌਂਧ ਗਈ। ਕਸਬੇ ਦੇ ਇਕ ਠਾਕਰਦੁਆਰੇ ਵਿਚ ਪੂਰੀਆਂ ਦਾ ਲੰਗਰ ਵਰਤ ਰਿਹਾ ਸੀ। ਕੋਈ ਸੇਠ ਤੇ ਸੇਠਾਣੀ ਆਪ ਪੂਰੀਆਂ ਤੇ ਸਬਜ਼ੀ ਵਰਤਾ ਰਹੇ ਸਨ। ਉਸ ਦਿਨ ਵੀ ਉਹ ਕਾਫੀ ਭੁੱਖਾ ਸੀ, ਪਰ ਨੈਣ ਪਰਾਣ ਚਲਦੇ ਜਾਪਦੇ ਸਨ। ਜਦੋਂ ਉਹ ਪੰਗਤ ਵਲ ਵਧਿਆ ਸੀ ਤਾਂ ਸੇਠ ਨੇ ਉਸਦੇ ਕਪੜਿਆਂ ਦਾ ਜਾਇਜ਼ਾ ਲੈਂਦਿਆਂ ਉਸਨੂੰ ਦੂਰੋਂ ਹੀ ਦੁਰਕਾਰ ਦਿਤਾ ਸੀ। ਪਰ ਉਹ ਪੰਗਤ ਵਲ ਵਧਦਾ ਗਿਆ ਸੀ। ਪੰਗਤ ਵਲ ਦੇਖਣ ਤੋਂ ਉਹ ਸਾਰੇ ਲੋਕ ਸੇਠ ਹੀ ਲਗਦੇ ਸਨ। ਸ਼ਾਇਦ ਕੋਈ ਜਾਤ ਖਾਨਦਾਨੀ ਦਾ ਚੱਕਰ ਹੋਵੇ, ਉਸਨੇ ਸੋਚਿਆ ਸੀ। ਫਿਰ ਜਦੋਂ ਉਹ ਸੇਠ ਦੇ ਬਿਲਕੁਲ ਨੇੜੇ ਪਹੁੰਚ ਗਿਆ ਸੀ ਤਾਂ ਸੇਠ ਨੇ ਉਸਨੂੰ ਇਸ ਤਰ੍ਹਾਂ ਘੂਰਕੇ ਦੇਖਿਆ ਸੀ, ਜਿਵੇਂ ਹੁਣੇ ਉਸਦੀ ਗਰਦਨ ਦਬੋਚਕੇ ਪੰਗਤ ਤੋਂ ਬਾਹਰ ਕੱਢ ਦੇਵੇਗਾ। ਪਰ ਉਹ ਸੇਠ ਦੇ ਕੋਲ ਪਹੁੰਚਕੇ ਪੂਰੀਆਂ ਨਾਲ ਭਰੀ ਟੋਕਰੀ ਤੇ ਗਿਰਝ ਵਾਂਗ ਝਪਟਿਆ ਸੀ ਅਤੇ ਠਾਕਰ ਦੁਆਰੇ ਤੋਂ ਬਾਹਰ ਹੋ ਗਿਆ ਸੀ। ਉਹ ਵਾਹੋਦਾਹੀ ਖੇਤਾਂ ਨੂੰ ਸਿਧਦਾ ਜਾ ਰਿਹਾ ਸੀ। ਇਕ ਦੋ ਵਾਰ ਉਸਨੇ ਪਿਛੇ ਮੁੜ ਕੇ ਦੇਖਿਆ ਸੀ, ਉਸਦਾ ਪਿੱਛਾ ਕਿਸੇ ਨੇ ਨਹੀਂ ਸੀ ਕੀਤਾ। ਦੌੜਦਿਆਂ ਜਦੋਂ ਠਾਕਰਦੁਆਰੇ ਦੇ ਉੱਚੇ ਮੀਨਾਰ ਉਸਦੀਆਂ ਨਜ਼ਰਾਂ ਤੋਂ ਓਹਲੇ ਹੋ ਗਏ ਤਾਂ ਉਸਨੇ ਸੁਖ ਦਾ ਸਾਹ ਲਿਆ ਅਤੇ ਨਹਿਰ ਦੇ ਇਕ ਨਾਲੇ ਦੇ ਕੰਢੇ ਬੈਠਕੇ ਪੂਰੀਆਂ ਖਾਣ ਲੱਗ ਪਿਆ ਸੀ।

ਪਰ ਅੱਜ ਉਸਦਾ ਸਾਹਸ ਜੁਆਬ ਦੇ ਰਿਹਾ ਸੀ। ਉਸਨੂੰ ਯਕੀਨ ਸੀ, ਇਹ ਗੁਰੂ ਕਾ ਲੰਗਰ ਹੈ—ਉਸ ਤੱਕ ਜ਼ਰੂਰ ਪੁਜੇਗਾ। ਪਰ ਜਦੋਂ ਵਰਤਾਵਾ ਉਸਦੇ ਨਾਲ ਬੈਠੇ ਬੰਦੇ ਨੂੰ ਪ੍ਰਸ਼ਾਦੇ ਤੇ ਦਾਲ ਵਰਤਾਕੇ ਵਾਪਸ ਮੁੜ ਗਿਆ ਤਾਂ ਉਸਨੂੰ ਇਕ ਪਲ ਖਿਆਲ ਆਇਆ—ਸ਼ੈਦ ਪ੍ਰਸ਼ਾਦੇ ਤੇ ਦਾਲ ਮੁੱਕ ਗਏ ਹੋਣ। ਪਰ ਉਸਦੀਆਂ ਅੱਖਾਂ ਨੂੰ ਧੋਖਾ ਨਹੀਂ ਸੀ ਹੋ ਸਕਦਾ। ਟੋਕਰਾ ਅਜੇ ਵੀ ਪ੍ਰਸ਼ਾਦਿਆਂ ਦਾ ਭਰਿਆ ਹੋਇਆ ਤੇ ਦਾਲ ਦੀ ਬਾਲਟੀ ਵਿਚੋਂ ਭਾਫ ਨਿਕਲ ਰਹੀ ਸੀ ਜਿਸਦੀ ਮਹਿਕ ਨੂੰ ਉਹ ਮਹਿਸੂਸ ਕਰ ਰਿਹਾ ਸੀ।

ਪਰ ਜਦੋਂ ਪੰਗਤ ਉਠ ਗਈ ਤੇ ਉਹ ਕੱਲਾ ਬੈਠਾ ਰਹਿ ਗਿਆ ਤਾਂ ਉਸਦੇ ਅੰਦਰ ਇਕੋ ਵੇਲੇ ਕਈ ਵਾਵਰੋਲੇ ਜਿਹੇ ਉਠੇ। ਨਹੀਂ, ਇਹ ਨਹੀਂ ਹੋ ਸਕਦਾ ਕਿ ਉਹ ਘੋਨ ਮੋਨ ਹੈ, ਇਸ ਲਈ ਉਸਨੂੰ ਲੰਗਰ ਨਹੀਂ ਮਿਲ ਸਕਿਆ। ਨਹੀਂ, ਬਿਲਕੁਲ ਨਹੀਂ। ਇਹ ਗੁਰੂ ਕਾ ਲੰਗਰ ਹੈ। ਉਸਨੇ ਹਮੀਰਪੁਰ ਇਕ ਕੂਕੇ ਕੋਲੋਂ ਸੁਣਿਆ ਸੀ ਕਿ ਉਨ੍ਹਾਂ ਦੇ ਗੁਰੂ ਨੇ ਤਾਂ ਏਥੋਂ ਤੱਕ ਕਿਹਾ ਸੀ—ਜੇ ਕੋਈ ਕਸਾਈ ਗਊ ਹੱਤਿਆ ਕਰਨ ਬਾਅਦ ਲਹੂ ਲਿਬੜੀ ਛੁਰੀ ਲੈਕੇ ਲੰਗਰ ਅੰਦਰ ਆ ਖਲੋਵੇ ਤਾਂ ਉਸਨੂੰ ਭੁੱਖਿਆਂ ਨਹੀਂ ਜਾਣ ਦੇਣਾ। ਫਿਰ ਉਸਨੂੰ ਭਾਈ ਕਨ੍ਹਈਆ ਦੀ ਸਾਖੀ ਯਾਦ ਆਈ ਸੀ ਜੋ ਉਸਨੇ ਪਿੰਡ ਦੇ ਗ੍ਰੰਥੀ ਕੋਲੋਂ ਸੁਣ ਰਖੀ ਸੀ ਕਿ ਭਾਈ ਕਨ੍ਹਈਆ ਗੁਰੂ ਗੋਬਿੰਦ ਸਿੰਘ ਦੇ ਜੰਗਾਂ ਯੁੱਧਾਂ ਵਿਚ ਘਾਇਲ ਦੁਸ਼ਮਣਾਂ ਨੂੰ ਵੀ ਪਾਣੀ ਪਿਆਉਂਦਾ ਸੀ।

ਜਦੋਂ ਉਸਨੂੰ ਆਸ ਟੁੱਟਦੀ ਜਾਪੀ ਤਾਂ ਉਹ ਉਠਕੇ ਨਾਲ ਦੀ ਪਗਡੰਡੀ ਤੇ ਪੈ ਗਿਆ ਸੀ। ਹੁਣ ਉਸਨੂੰ ਕਰਤਾਰੋ ਦੀ ਯਾਦ ਨਹੀਂ ਸੀ ਆ ਰਹੀ। ਬਸ ਦਿਮਾਗ ਵਿਚ ਭਾਈ ਕਨ੍ਹਈਆ ਦੀ ਸਾਖੀ ਘੁੰਮ ਰਹੀ ਸੀ। ਫਿਰ ਆਪਣੇ ਪਿਛਾੜੀਓਂ ਕੋਈ ਅਵਾਜ਼ ਗੂੰਜਦੀ ਲਗੀ ਜੋ ਰੁਕਣ ਲਈ ਕਹਿ ਰਹੀ ਸੀ। ਉਸਨੇ ਪਿੱਛੇ ਮੁੜਕੇ ਦੇਖਿਆ—ਕੋਈ ਅਧਖੜ ਜਿਹਾ ਬੰਦਾ ਹੱਥ ਵਿਚ ਦਾਲ ਦੀ ਬਾਲਟੀ ਤੇ ਸਿਰ ਤੇ ਪ੍ਰਸ਼ਾਦਿਆਂ ਦੀ ਟੋਕਰੀ ਚੁੱਕੀ ਨੱਠਿਆ ਆ ਰਿਹਾ ਸੀ।

ਉਸਦੀਆਂ ਅੱਖਾਂ ਵਿਚ ਇਕ ਚਮਕ ਆਈ ਅਤੇ ਆਪਣੇ ਹੱਥ ਉੱਚੇ ਚੁੱਕ ਕੇ ਉਹ ਚੀਕਿਆ—ਆ ਗਿਆ। ਭਾਈ ਕਨ੍ਹਈਆ ਆ ਗਿਆ।

ਇਹ ਕਹਿੰਦਿਆਂ ਉਸਨੂੰ ਇਕ ਘੁਮੇਟਣੀ ਜਿਹੀ ਆਈ ਤੇ ਉਹ ਚੱਕਰ ਖਾਕੇ ਪਗਡੰਡੀ ਤੇ ਡਿਗ ਪਿਆ। ਉਸਨੂੰ ਕੋਈ ਕਹਿੰਦਾ ਜਾਪਿਆ: ਸਾਧ ਨੂੰ ਭੁੱਖਿਆ ਨਹੀਂ ਜਾਣ ਦੇਣਾ। ਨਹੀਂ ਜਾਣ ਦੇਣਾ।

ਉਸਤੋਂ ਬਾਅਦ ਭੋਲੇ ਸਾਧ ਨੂੰ ਕੋਈ ਅਵਾਜ਼ ਸੁਣਾਈ ਨਹੀਂ ਸੀ ਦਿਤੀ। ※

Sri Satguru Jagjit Singh Ji eLibrary NamdhariElibrary@gmail.com

ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ

(ਲੜੀ ਜੋੜਨ ਲਈ ਵਰਿਆਮ ਦਾ ਫਰਵਰੀ—ਮਾਰਚ ੧੯੮੭ ਅੰਕ ਵੇਖੋ)

੫ ਅਕਤੂਬਰ ੧੯੭੮, ਵੀਰਵਾਰ
ਨਵੀਂ ਦਿੱਲੀ

ਕ੍ਰਿਪਾਲ ਸਿੰਘ ਖੋਖਰ

ਅੱਜ ਆਸਾ ਦੀ ਵਾਰ ਦਾ ਕੀਰਤਨ ਅਤੇ ਇਕ ਅਖੰਡ ਪਾਠ ਦਾ ਭੋਗ, ਰਮੇਸ਼ ਨਗਰ, ਨਾਮਧਾਰੀ ਕਲੋਨੀ ਦੇ ਸ: ਕ੍ਰਿਪਾਲ ਸਿੰਘ ਖੋਖਰ ਸਪੁਤਰ ਸੰਤ ਗੁਰਬਚਨ ਸਿੰਘ ਦੇ ਘਰ ਸੀ। ਘਰ ਦੇ ਸੜਕ ਅਤੇ ਨਾਲੇ ਨਾਲ ਲਗਦੇ ਵਿਹਲੇ ਥਾਂ ਤੇ ਸੋਹਣਾ ਪੰਡਾਲ ਸਥਾਪਤ ਕੀਤਾ ਗਿਆ ਸੀ। ਸ੍ਰੀ ਸਤਿਗੁਰੂ ਜੀ ਨੇ ੬-੩੦ ਵਜੇ ਤਕ ਬੈਠ, ਸੰਗਤਾਂ ਨੂੰ ਦਰਸ਼ਨ ਦਿਤੇ। ਕੀਰਤਨਕਾਰ ਸੰਤ ਹਰਭਜਨ ਸਿੰਘ, ਗੁਰਦੇਵ ਸਿੰਘ ਅਤੇ ਸੁਖਵਿੰਦਰ ਸਿੰਘ ਪਿੰਡੀ ਸਨ।

ਖਿਮਾ ਗੁਜ਼ਾਰਨੇ ਸਮੇਂ ਮੈਂ ਤਾਂ ਨਹੀਂ ਪਹੁੰਚਿਆ। ਮੇਰੇ ਭੈਣ, ਪੁਤਰ ਅਤੇ ਪੋਤਰੀ ਦਰਸ਼ਨ ਕਰਨ ਗਏ। ਆਕੇ ਲੜਕੇ ਮਨਧੀਰ ਸਿੰਘ ਨੇ ਦਸਿਆ: ਅੱਜ ਸਤਿਗੁਰਾਂ ਤੁਹਾਨੂੰ ਤਾਂ ਨਹੀਂ ਪਰ ਸੁਖਬੀਰ ਸਿੰਘ (ਛੋਟਾ ਲੜਕਾ) ਨੂੰ ਯਾਦ ਕਰਦਿਆਂ ਫੁਰਮਾਇਆ ਸੀ: ਭਾਈ, ਤੂੰ ਤਾਂ ਹੋਇਓਂ ਟੈਕਨੋ ਮਕੈਨਿਕ, ਪਰ ਤੇਰਾ ਲੇਖਕ ਭਰਾ ਕਿਉਂ ਨਹੀਂ ਆਇਆ?

ਇਤਵਾਰ

੧੦ ਵਜੇ ਸਵੇਰੇ ਮੈਂ ਕੋਠੀ ਆਇਆ ਤਾਂ ਸਾਧ ਸੰਗਤ ਦਾ ਭਰਵਾਂ ਝੁਰਮਟ ਸ੍ਰੀ ਸਤਿਗੁਰੂ ਜੀ ਦੇ ਦੁਆਲੇ ਸੀ। ਪੌੜੀਆਂ ਉਤਰਦਾ ਇਕ ਸਿੰਘ ਪਰਵਾਰ ਮਿਲਿਆ। ਬਾਦ ਵਿਚ ਪਤਾ ਲਗਾ ਕਿ ਇਹ ਨਾਮਧਾਰੀ ਮਰਿਆਦਾ ਅਨੁਸਾਰ ਆਪਣੇ ਘਰ ਅਖੰਡ ਪਾਠ ਕਰਵਾਣਾ ਚਾਹ ਰਹੇ ਹਨ ਅਤੇ ਸਤਿਗੁਰਾਂ ਦੇ ਚਰਨਾਂ ਵਿਚ ਅਰਜ਼ ਕਰਦੇ ਰਹੇ ਹਨ ਕਿ ਉਨ੍ਹਾਂ ਦੇ ਘਰ ਅਖੰਡ ਪਾਠ ਸਮੇਂ ਦਰਸ਼ਨ ਦਿਤੇ ਜਾਣ। ਸਤਿਗੁਰੂ ਜੀ ਅਜੇ ਬੇਨਤੀ ਪਰਵਾਨ ਨਹੀਂ ਕਰ ਰਹੇ। ਇਹਨਾਂ ਨੂੰ ਭਜਨ ਪੁਛਣ ਤੋਂ ਬਾਅਦ ਹੀ ਇਹ ਖੁਸ਼ੀ ਬਖਸ਼ੀ ਜਾਏਗੀ।

ਸਤਿਗੁਰੂ ਜਗਜੀਤ ਸਿੰਘ ਜੀ

ਨਾਮ ਔਖਧ

ਸਤਿਗੁਰੂ ਜੀ ਆਪਣੇ ਬੈਠਣ ਕਮਰੇ ਵਿਚ ਪਧਾਰੇ ਤਾਂ ਮੈਂ ਵੀ ਨਮਸਕਾਰ ਕਰ ਸਕਿਆ। ਇਸ ਮੌਕੇ ਸ: ਸੁਰਜੀਤ ਸਿੰਘ, ਸੰਤ ਕਰਤਾਰ ਸਿੰਘ ਬੈਂਕ ਵਾਲੇ, ਕੁਝ ਬੀਬੀਆਂ ਤੇ ਕਾਫੀ ਹੋਰ ਵੀ ਖਲੋਤੇ ਬੂਹੇ ਕੋਲ ਖੜੇ ਸਨ। ਸੰਤ ਕਰਤਾਰ ਸਿੰਘ ਦੀ ਧਰਮ ਭੈਣ ਨੇ ਮੱਥਾ ਟੇਕ ਕੇ ਅਰਜ਼ ਕੀਤੀ: ਮੇਰੇ ਪੇਟ ਵਿਚ ਇਕ ਤਕੜਾ ਫੋੜਾ ਹੈ। ਉਪਰੇਸ਼ਨ ਹੋਵੇਗਾ। ਕਿਰਪਾ ਕਰੋ ਉਪਰੇਸ਼ਨ ਸਫਲ ਹੋਵੇ। ਸਤਿਗੁਰਾਂ

Sri Satguru Jagjit Singh Ji eLibrary NamdhariElibrary@gmail.com

ਫ਼ਰਮਾਇਆ : ਇਕ ਮਾਲਾ ਭਜਨ ਦੀ, ਇਕ ਭਰਾਵਿਤੀਆਂ ਦੀ ਫੇਰ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਜ਼ ਕੀਤਿਆ ਕਰੋ । ਸਤਿਗੁਰੂ ਕਿਰਪਾ ਕਰਨਗੇ ।

ਇਨਕਾਰ ਦਾ ਤਰੀਕਾ

ਇਕ ਨੌਜੁਆਨ, ਨਰਿੰਦਰ ਸਿੰਘ ਖੁਰਾਣਾ ਤੇ ਉਸਦੇ ਪਿਤਾ ਸੰਤ ਗੁਰਧਿਆਨ ਸਿੰਘ ਨੇ ਆਪਣੇ ਘਰ ਚਰਨ ਪੁਆਣ ਦੀ ਬੇਨਤੀ ਕੀਤੀ । ਉੱਤਰ ਵਿਚ ਸਤਿਗੁਰਾਂ ਦੇ ਸ਼ਬਦ ਸਨ : ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਮੈਂ ਪ੍ਰਸ਼ਾਦਾ ਕਿਹੜੇ ਵੇਲੇ ਛਕਣਾ ਹੈ, ਇਸ਼ਨਾਨ ਕਦੋਂ ਕਰਨਾ ਹੈ, ਆਪਣਾ ਨਿਤਨੇਮ ਕਦੋਂ ਤੇ ਕਿਵੇਂ ਕਰਨਾ ਹੈ ਅਤੇ ਫਿਰ ਦਿਤੇ ਹੋਏ ਪ੍ਰੋਗਰਾਮ ਅਨੁਸਾਰ ਕਦੋਂ ਪਹੁੰਚਣਾ ਹੈ ।

ਸਤਿਗੁਰੂ ਜੀ ਨੇ 'ਨਹੀਂ' ਸ਼ਬਦ ਦੀ ਵਰਤੋਂ ਨਾ ਕਰਕੇ ਇਕ ਤਰ੍ਹਾਂ ਦਾ ਇਨਕਾਰ ਕਰ ਦਿਤਾ ।

ਆਸਾਮ ਦੀ ਆਓ

ਜੀਂਦੀ ਵਿੱਦਿਆਵੰਤੀ ਸੁਪਤਨੀ ਸੰਤ ਗੁਰਸਹਾਈ ਸਿੰਘ ਨੇ ਬੇਨਤੀ ਕੀਤੀ : ਆਪ ਜੀ ਸਾਨੂੰ ਆਸਾਮ ਵਾਲਿਆਂ ਨੂੰ ਵੀ ਦਰਸ਼ਨ ਦੇਣ ਦੀ ਕਿਰਪਾ ਕਰੋ । ਸਾਰੀ ਦੁਨੀਆਂ ਵਿਚ ਆਪ ਘੁੰਮ ਫਿਰ ਲੈਂਦੇ ਹੋ, ਆਸਾਮ ਦੇ ਭਾਗ ਕਦੋਂ ਜਾਗਣਗੇ ? ਅਸੀਂ ਤਾਂ ਬਹੁਤ ਸਾਲਾਂ ਤੋਂ ਅਰਜ਼ਾਂ ਕਰ ਰਹੇ ਹਾਂ । ਸਤਿਗੁਰਾਂ ਵਕਤ ਦੀ ਮਜਬੂਰੀ ਦੱਸੀ : ਤੁਹਾਡੇ ਵਲ ਤਾਂ ਜਦੋਂ ਜਾਈਏ ਸਿਆਲੇ ਵਿਚ ਹੀ ਜਾਈਏ, ਤਾਂ ਹੀ ਠੀਕ ਰਹੇ ਨ !

ਬੀਬੀ : ਦੀਨ ਦਿਆਲ, ਸਿਆਲਾ ਤਾਂ ਉਤਰ ਹੀ ਗਿਆ ਹੈ ।

ਸਤਿਗੁਰੂ ਜੀ ਨੇ ਆਪਣੇ ਸਕੱਤਰ ਹਰਸੇਮ ਸਿੰਘ ਨੂੰ, ਜੁ ਕੋਲ ਹੀ ਖੜਾ ਸੀ- ਨੋਟ ਕਰਵਾਇਆ ਕਿ ਉਹ ਸਿਆਲ ਦੇ ਦਿਨੀਂ ਕਿਸੇ ਸਮੇਂ ਆਸਾਮ ਦਾ ਦੌਰਾ ਬਣਾ ਲਵੇ । ਸਤਿਗੁਰੂ ਜੀ ਨੇ ਫ਼ੈਜ਼ਾਦ ਆਸਦ ਅਲੀ ਜੀ ਦੀ ਮਹੂਰਾ ਸਾਹਿਬ ਨੂੰ ਵੀ ਯਾਦ ਕੀਤਾ ਕਿ ਆਸਾਮ ਗਿਆਂ ਉਹਨਾਂ ਨੂੰ ਮਿਲਣਾ ਹੈ । ਸਤਿਗੁਰਾਂ ਮੈਨੂੰ ਦਸਿਆ : ਇਹ ਬੀਬੀ ਸੰਤ ਪਿਆਰਾ ਸਿੰਘ (ਬੇਂਕੋਕ) ਦੀ ਦਰਮਾਣੀ ਹੈ ।

ਹਾਂਗਕਾਂਗ ਦਾ ਸਿੱਖ

ਇਕ ਬੜਾ ਖ਼ੂਬਸੂਰਤ, ਸਫ਼ੈਦ ਦਾਹੜਾ ਵਾਲਾ, ਸੁਨਹਿਰੀ ਚਸ਼ਮਾ, ਸਿਰਕੁਟੀ ਪਗੜੀ ਹਾਂਗਕਾਂਗ ਦਾ ਵਾਸੀ, ਅਪਣੀ ਸੁਪਤਨੀ ਨਾਲ ਗੁਰੂ ਦੇ ਦਰਸ਼ਨ ਕਰਨ ਵਾਸਤੇ ਆਇਆ । ਜੋੜੀ ਨੇ ਚਾਹਿਆ ਕਿ ਉਨ੍ਹਾਂ ਨੂੰ ਇਕਾਂਤ ਵਿਚ ਸਮਾਂ ਮਿਲੇ । ਸਿੰਘ ਸਰੀਰ ਤੋਂ ਕੰਬ ਰਹੇ ਸਨ, ਉਨ ਕੇ ਦਲੇ ਗਏ । ਪਰ ਸ: ਹਰਵਿੰਦਰ ਸਿੰਘ ਨਿੱਜੀ ਸਕੱਤਰ ਹਰਸੇਮ ਸਿੰਘ ਅਤੇ ਮੈਨੂੰ ਕੋਲ ਬੁਲਾ ਲਿਆ ਗਿਆ । ਸ੍ਰੀ ਸਤਿਗੁਰੂ ਜੀ ਮੰਜੇ ਪਰ ਵਿਰਾਜਮਾਨ ਹੋ ਗਏ । ਬੀਬੀ ਨੇ ਪ੍ਰਾਰਥਨਾ ਕੀਤੀ : ਇਹਨਾਂ ਦਾ ਸਰੀਰ ਬਹੁਤ ਕਮਜ਼ੋਰ ਹੋ ਗਿਆ ਏ, ਜਦੋਂ ਦਾ ਕਾਰੋਬਾਰ ਵਿਚ ਘਾਟਾ ਪਿਆ ਏ । ਇਹਨਾਂ ਤੇ ਕਿਰਪਾ ਕਰੋ ।

ਸਤਿਗੁਰਾਂ ਫ਼ਰਮਾਇਆ : ਇਹ ਚਿੰਤਾ ਛੱਡਣ । ਜਿਸ ਜਗਾਹ ਚਿੰਤਾ ਰਹਿੰਦੀ ਏ ਉਸ ਥਾਂ ਈਸ਼ਵਰ ਚਿੰਤਨ ਨੂੰ ਸਥਾਪਤ ਕਰਨ । ਇਹਨਾਂ ਦੇ ਦਿਮਾਗ ਨੇ ਸੋਚਣਾ ਏ । ਸੋਚ ਦਾ ਧੁਰਾ ਹੁਣ ਕੇਵਲ ਚਿੰਤਾ ਏ, ਫਿਰ ਅਕਾਲਪੁਰਖ ਦੀਆਂ ਮਿਹਰੰਮਤਾਂ ਹੋ ਜਾਣਗੀਆਂ ।

ਸ੍ਰੀ ਸਤਿਗੁਰੂ ਜੀ ਹਜ਼ੂਰੀਏ ਦੇ ਮੂਡ ਵਿਚੋਂ ਨਿਕਲ, ਇਕਦਮ ਐਸੀ ਨਿੱਘੀ ਅਵਸਥਾ ਵਿਚ ਹੋ ਗਏ ਜਿਵੇਂ ਅਕਾਸ਼ ਯਕਾਯਕ ਨਿਰਮਲ ਹੋ ਗਿਆ ਹੋਵੇ । ਵੀਹ ਮਿੰਟ ਤਕ ਅਨੇਕ ਪ੍ਰਮਾਣਾਂ, ਦਲੀਲਾਂ, ਉਦਾਹਰਣਾਂ ਦੇ ਕੇ ਪਤੀ-ਪਤਨੀ ਦੋਹਾਂ ਨੂੰ ਨਿਹਾਲ ਕਰ ਦਿਤਾ । ਪਤੀ ਤਾਂ "ਠੀਕ ਹੈ ਜੀ", "ਕਿਰਪਾ ਕਰੋ ਜੀ' 'ਜਿਵੇਂ ਆਪ ਆਗਿਆ ਕਰੋ' ਕਹਿੰਦਾ ਗਿਆ ਪਰ ਪਤਨੀ ਵਿਚ-ਵਿਚ ਲਿਓਂ ਪਰਵਾਰਕ ਮੁਸ਼ਕਲਾਂ, ਸਰਦਾਰ ਜੀ ਦੀ ਸਰੀਰਕ ਸਥਿਤੀ ਦਾ ਵੇਰਵਾ ਦੱਸਦੀ ਜਾਂਦੀ ।

ਸਤਿਗੁਰੂ ਜੀ ਨੇ ਇਹਨਾਂ ਨੂੰ ਆਸਾਮ ਵਾਲੇ ਗੁਰਸਹਾਈ ਸਿੰਘ ਸਪੁਤਰ ਸੰਤ ਕਰਮ ਸਿੰਘ ਦੀ ਸਾਖੀ ਸੁਣਾਈ । ਇਹਨੂੰ ਗੁਰੂ ਰਾਮ ਸਿੰਘ ਜੀ ਨੇ ਸੁਪਨ-ਗੁਰੂ ਦੇ ਦਰਸ਼ਨ ਕਰਵਾਏ ਸਨ । ਅਤੇ ਫਿਰ ਹਾਂਗਕਾਂਗ ਵਾਲੇ ਸਿੰਘ ਨੂੰ ਗੁਰਸਹਾਈ ਸਿੰਘ ਦੇ ਦਾਦਾ ਸੰਤ ਬੁਲਦ੍ਹ ਸਿੰਘ ਦੇ ਬਚਨ ਸੁਣਾਏ । ਇਹ ਗੁਰੂ ਰਾਮ ਸਿੰਘ ਜੀ ਦੇ ਵੇਲੇ ਦੇ ਸਿੱਖ ਸਨ । ਉਦਾਹਰਣ ਦਿਤਾ : ਸਾਡੇ ਧੰਧਿਆਂ ਵਿਚ ਘਾਟਾ ਪੈ ਜਾਏ ਤਾਂ ਅਸੀਂ ਸਭ ਕੁਝ ਛੱਡ ਕੇ ਬੈਠ ਨਹੀਂ ਜਾਂਦੇ । ਉਦਮ ਕਰਦੇ ਹਾਂ । ਫੇਰ ਕਾਰੋਬਾਰ ਫੈਲਦੇ ਹਾਂ । ਇੰਜ ਹੀ ਜੇ ਇਕ ਵਾਰ ਅੰਤ੍ਰੀਵੀ ਦੁਨੀਆਂ ਦਾ ਪਤਾ ਨਾ ਲਗੇ ਤਾਂ ਸਾਨੂੰ ਹਾਰ ਕੇ ਨਹੀਂ ਬੈਠਣਾ ਚਾਹੀਦਾ, ਮੁੜ ਮੁੜ ਜਤਨ ਕਰਨਾ ਚਾਹੀਦਾ ਹੈ ।

ਪਹਾੜਾਂ ਵਿਚ ਕੁਰਦੇ ਫਿਰਦਿਆਂ ਕਿਸੇ ਦੀ ਜੁੱਤੀ ਦੀ ਖੂਰੀ ਸੋਨੇ ਦੀ ਹੋ ਗਈ । ਵਿਚਾਰ ਹੋਣ ਲਗਾ, ਇਹ ਕਿਵੇਂ ਹੋਇਆ ? ਸਮਝਿਆ ਗਿਆ, ਏਥੇ ਕਿਤੇ ਪਾਰਸ ਹੈ । ਕਿਸ ਉਸਦੀ ਢੂੰਡ ਲਈ, ਜਾਂ ਹੋਰ ਸੋਨਾ ਹਾਸਲ ਕਰਨ ਦੀ ਲਾਲਸਾ ਨਾਲ ਉਸ ਇਲਾਕੇ ਵਿਚ ਸਭਨੀਆਂ ਨੂੰ ਪੁਰਾਣਿਆਂ ਲੁਆਕੇ ਫੇਰਨ ਲਗੇ । ਪਾਰਸ, ਭਾਵੇਂ ਨਾ ਮਿਲਿਆ ਪਰ ਸੋਨੇ ਦੀ

Sri Satguru Jagjit Singh Ji eLibrary NamdhariElibrary@gmail.com

ਪ੍ਰਾਪਤੀ ਤਾਂ ਹੋਣ ਲਗੀ। ਮਨੁੱਖ ਇਓਂ ਆਪਣੇ ਲਈ ਲਾਭਕਾਰੀ ਵਸਤਾਂ ਦੀ ਚੁਣ ਕਰਦਾ ਹੈ। ਆਤਮ ਗਿਆਨ ਦੀ ਖੋਜ ਦੇ ਪਿਛੇ ਪਿਆਂ ਹੀ ਪ੍ਰਾਪਤੀਆਂ ਦੀ ਸੰਭਾਵਨਾ ਹੋ ਸਕਦੀ ਹੈ।

ਸਾਖੀ ਭਾਈ ਗੁਲਦੂ ਸਿੰਘ

"ਭਾਈ ਗੁਲਦੂ ਸਿੰਘ, ਸਾਹਤਾਜਪੁਰ (ਪੱਛਮੀ ਪਾਕਿਸਤਾਨ) ਦੇ ਵਸਨੀਕ ਸਨ। ਉਨ੍ਹਾਂ ਅੰਦਰ ਲਗਨ ਉਠੀ ਕਿ ਈਸ਼ਵਰ ਦਰਸ਼ਨ ਲਈ ਜਤਨ ਕਰਨਾ ਚਾਹੀਦਾ ਹੈ। ਵਕਤ ਦੇ ਸਤਿਗੁਰੂ ਦੀ ਪ੍ਰਾਪਤੀ ਹੋਣੀ ਚਾਹੀਦੀ ਹੈ।' ਪਤਾ ਕਰਦੇ ਕਰਾਂਦੇ ਉਹ ਤਿੱਬਾਂ (ਜ਼ਿਲਾ ਸ਼ੇਖੂਪੁਰ, ਪਾਕਿਸਤਾਨ) ਵਾਲੇ ਬਾਬਾ ਜਮੀਅਤ ਸਿੰਘ ਨੂੰ ਆ ਮਿਲੇ। ਬਾਬਾ ਜੀ ਨੇ ਗੁਲਦੂ ਸਿੰਘ ਨੂੰ ਇਸ਼ਨਾਨ ਕਰ, ਕੁਝ ਸਮਾਂ ਇਕਾਂਤ ਵਿਚ ਬੈਠਣ ਲਈ ਆਖਿਆ। ਇਕ ਸਾਲ ਇੰਜ ਕਰਨਾ ਸੀ। ਸਾਲ ਪਿਛੋਂ ਭਾਈ ਗੁਲਦੂ ਸਿੰਘ ਫੇਰ ਆਏ ਤੇ ਬਾਬਾ ਜਮੀਅਤ ਸਿੰਘ ਨੂੰ ਬੇਨਤੀ ਕੀਤੀ : ਅਜੇ ਕੁਝ ਲੱਭਾ ਨਹੀਂ।

"ਇਕ ਸਾਲ ਹੋਰ ਜਤਨ ਕਰੋ।" ਬਾਬਾ ਜੀ ਨੇ ਆਖਿਆ ਅਤੇ ਲਗਨ ਵਾਲੇ ਗੁਲਦੂ ਸਿੰਘ ਹੋਰ ਸਾਲ ਭਰ ਉਹੋ ਉਦਮ ਕੀਤਾ। ਫੇਰ ਮਿਲੇ ਆ ਚਰਨਾਂ ਤੇ ਸਿਰ ਰਖਿਆ। ਤੀਜੇ ਸਾਲ ਵਾਸਤੇ ਫਿਰ ਉਹੋ ਆਗਿਆ ਹੋਈ। ਅਤੇ ਤੀਜੇ ਸਾਲ ਬੰਦ ਬੂਹਿਆਂ ਵਿਚ ਦੀ ਜਿਵੇਂ ਭੀਤਾਂ ਥਾਣੀਂ ਰੋਸ਼ਨੀ ਆ ਜਾਂਦੀ ਹੈ, ਬਾਬਾ ਜਮੀਅਤ ਸਿੰਘ ਜੀ ਪਰਗਟ ਹੋ ਗਏ। ਜੇ ਮੌਤ ਭੀੜੇ ਹਟੋ ਦਰਾਂ ਵਿਚ ਦੀ ਲੰਘ ਕੇ ਆ ਸਕਦੀ ਹੈ ਤਾਂ ਜ਼ਿੰਦਗੀ ਲਈ ਵੀ ਕੋਈ ਦੁਆਰ ਬੰਦ ਨਹੀਂ।

ਸੰਤ ਜਮੀਅਤ ਸਿੰਘ ਜੀ ਨੇ ਭਾਈ ਗੁਲਦੂ ਸਿੰਘ ਦੇ ਕੰਨਾਂ ਵਿਚ ਨਾਮ ਮੰਤਰ ਦੇ ਦਿਤਾ ਅਤੇ ਆਖਿਆ : ਪੁਤ ਭਾਂਡਾ ਤਿਆਰ ਹੋ ਗਿਆ ਹੈ, ਸੁਧ ਹੋ ਗਿਆ ਹੈ। ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ। ਤੈਨੂੰ ਬਹੁਤ ਚੰਗੀ ਚੀਜ਼ ਦੇ ਦਿਤੀ ਹੈ। ਦੱਬਕੇ ਇਹਦਾ ਅੱਭਿਆਸ ਕਰੀਂ। ਦੁਨੀਆਂ ਦੀਆਂ ਤਮਾਮ ਨਿਆਮਤਾਂ ਏਸੇ ਵਿਚ ਨੇ।

ਅਤੇ ਫਿਰ ਇਨ੍ਹਾਂ ਹੀ ਬਾਬਾ ਜਮੀਅਤ ਸਿੰਘ ਦੁਆਰਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਦੱਸ ਪਾਈ। ਭਾਈ ਗੁਰਸਹਾਈ ਸਿੰਘ ਲੰਮੇ ਰਾਹ ਝਾਗਦਾ, ਨਦੀਆਂ ਨਾਲੇ ਪਾਰ ਕਰਦਾ ਭੈਣੀ ਸਾਹਿਬ ਗੁਰੂ ਕੀ ਸ਼ਰਨ ਵਿਚ ਆ ਗਿਆ। ਇਕੋ ਝਲਕ ਨੇ ਉਸਨੂੰ ਕੰਚਨ ਕਰ ਦਿਤਾ। ਲੋਹਉ ਹੋਵਤ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ। ਪਾਹਣ ਮਾਣਕ ਕਰੈ ਗਿਆਨੁ ਗੁਰ, ਕਹਿਅਉ ਬੀਚਾਰੈ। ਅੱਜ ਉਸੇ ਦਾ ਲਾਇਆ ਸਿੱਖੀ ਦਾ ਬੂਟਾ, ਉਹੋ ਆਤਮਾ ਦੀ ਖੋਜ ਦੀ ਭਾਵਨਾ, ਗੁਰਸਹਾਈ ਸਿੰਘ ਤਕ, ਤੀਜੀ ਪੀੜ੍ਹੀ ਤਕ, ਆ ਪਹੁੰਚੀ ਹੈ।

ਸ੍ਰੀ ਸਤਿਗੁਰੂ ਜੀ ਨੇ ਸ: ਦੇਵਿੰਦਰ ਸਿੰਘ ਨੂੰ ਦੱਸਿਆ ਗੁਰੂ ਰਾਮ ਸਿੰਘ ਜੀ ਦੇ ਸਿੱਖ ਗੁਲਦੂ ਸਿੰਘ ਨੇ ਨੀਂਦ ਜਿੱਤੀ। ਕਿੱਲੀ ਨਾਲ ਕੇਸ ਬੰਨ੍ਹ ਕੇ ਸਮਾਧੀ ਵਿਚ ਬੈਠਣਾ। ਨੀਂਦ ਦਾ ਝੋਕਾ ਆਉਣ ਤੇ ਕੇਸਾਂ ਨੂੰ ਖਿਚ ਪੈਣੀ। ਫਿਰ ਸਾਵਧਾਨ ਹੋਣਾ। ਅੰਤ ਨੀਂਦ ਵੱਸ ਵਿਚ ਹੋ ਗਈ। ਨਾਲ ਹੀ ਸਦਾ ਸਦਾ ਦਾ ਸੁਖ ਪ੍ਰਾਪਤ ਕਰ ਲਿਆ। ਦੇਵਿੰਦਰ ਸਿੰਘ ਜੀ ਬਥੇਰਾ ਕਾਰੋਬਾਰ ਕਰ ਲਿਆ ਜੇ, ਹੁਣ ਆਤਮ ਸੁਖ ਦੀ ਪ੍ਰਾਪਤੀ ਦਾ ਮਾਰਗ ਅਪਣਾਓ।

ਸਿੰਘ ਨੇ ਵਿਦਾ ਹੋਣ ਲਗਿਆਂ, ਝਕਦੇ ਝਕਦੇ ਪੁਛਿਆ : ਇਕ ਕੈਮਰਾ ਆਪ ਜੀ ਦੀ ਸੇਵਾ ਵਿਚ ਭੇਜਿਆ ਸੀ, ਮਿਲ ਗਿਆ ਸੀ? ਸ੍ਰੀ ਸਤਿਗੁਰੂ ਜੀ ਨੇ ਯਾਦ ਦੀ ਤਾਕੀ ਖੋਲ੍ਹਣ ਲਈ ਕਮਲ ਮਸਤਕ ਨੂੰ ਇਕ ਉਂਗਲੀ ਨਾਲ ਠਕੋਰਿਆ : ਹਾਂ, ਬੈਂਕਾਕ ਵਿਚ ਕਿਸੇ ਨੇ ਲਿਆ ਕੇ ਦਿਤਾ ਸੀ।

ਜੇਤਾ ਜਿਵੇਂ ਹੱਸਿਆ-ਹੱਸਿਆ ਵਿਦਾ ਹੋ ਗਿਆ।

ਮਹਾਰਾਜ ਬੀਰ ਸਿੰਘ ਜੀ

ਹੋਰ ਬਹੁਤ ਸਾਰੇ ਇਸਤਰੀ-ਪੁਰਸ਼ ਦੋ-ਦੋ ਚਾਰ-ਚਾਰ ਮਿੰਟ ਦਾ ਸਮਾਂ ਲੈਕੇ ਦਰਸ਼ਨ ਕਰ ਵਾਪਸ ਹੋਏ। ਸਤਿਗੁਰੂ ਜੀ ਨੇ ੧੨ ਵਜੇ ਦੇ ਕਰੀਬ ਹੀ ਇਸ਼ਨਾਨ ਕੀਤਾ। ਪ੍ਰਸ਼ਾਦ ਛਕਦਿਆਂ ਨੂੰ ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਮਾਤਾ ਜੀ, ਮਹਾਰਾਜ ਬੀਰ ਸਿੰਘ ਜੀ ਅਤੇ ਬੇਬੇ ਦਲੀਪ ਕੌਰ ਜੀ ਸੇਵਕ ਸੰਤ ਅਜਾਨ ਸਿੰਘ ਨਾਲ ਲੈਕੇ ਸ੍ਰੀ ਸੁਖਦੇਵ ਸਿੰਘ ਦੀ ਚਲਾਈ ਹੋਈ ਕਾਰ ਦੁਆਰਾ ਆ ਪਹੁੰਚੇ। ਸ੍ਰੀ ਸਤਿਗੁਰੂ ਜੀ ਨੂੰ ਆਕੇ ਨਮਸਕਾਰ ਕੀਤੀ। ਜਾਪਦਾ ਹੈ ਸਾਰਾ ਪਰਵਾਰ ਅੱਜ ਯੂ.ਪੀ. ਨਾਮਧਾਰੀ ਫਾਰਮਜ਼ ਨੂੰ ਜਾਏਗਾ।

ਸੰਤ ਬੂਟ ਸਿੰਘ ਦਾ ਵਰ੍ਹੀਣਾ

ਸੰਤ ਮਹਿੰਦਰ ਸਿੰਘ ਸ਼ਾਲੀ ਨਗਰ ਦੇ ਪਿਤਾ ਸੰਤ ਬੂਟ ਸਿੰਘ ਜੀ ਦੇ ਵਰ੍ਹੀਣੇ ਦਾ ੩ ਵਜੇ ਭੋਗ ਪੈਣਾ ਹੈ। ਸ੍ਰੀ ਸਤਿਗੁਰੂ ਜੀ ਤਦ ਤਕ ਥੋੜਾ ਸਮਾਂ ਬਿਰਾਜ, ਮੁੜ ਇਸ਼ਨਾਨ ਕਰ ਨਿਤਨੇਮ ਕਰਦੇ ਹੋਏ ੨.੩੦ ਤਕ ਸ਼ਾਲੀ ਨਗਰ ਪਹੁੰਚ ਗਏ। ਇਕ ਪਿੰਡਾਲ ਵਿਚ ਸਮਾਗਮ ਸੀ। ਸੰਤ ਸੇਵਾ ਸਿੰਘ ਠੇਕੇਦਾਰ ਦਿੱਲੀ ਦਾ ਪ੍ਰਭਾਵਸ਼ਾਲੀ ਢੋਲੇ ਦਾ ਦੀਵਾਨ, ਸੰਤ ਧਰਮਜਨ ਸਿੰਘ-ਗੁਰਦੇਵ ਸਿੰਘ ਦਾ ਇਕ ਸ਼ਬਦ ਦਾ ਕੀਰਤਨ ਤੇ ਪ੍ਰੀਤਮ ਸਿੰਘ ਕਵੀ ਵਲੋਂ ੨੦ ਮਿੰਟ ਦਾ ਭਾਸ਼ਣ ਹੋਇਆ।

Sri Satguru Jagjit Singh Ji eLibrary NamdhariElibrary@gmail.com

ਸ਼ਬਦ ਦਾ ਸਾਰ : ਗੁਰੂ ਅਤੇ ਸਿੱਖਾਂ ਦੇ ਦਰਮਿਆਨ ਵਿਸ਼ਵਾਸ ਹੀ ਆਧਾਰ ਹੈ ਜਿਵੇਂ ਤਮਾਮ ਮਖ਼ਲੂਕਾਤ ਦਾ ਆਧਾਰ ਧਰਤੀ ਹੈ।

ਭੋਗਾਂ ਦੇ ਸ਼ਲੋਕਾਂ ਉਪਰੰਤ ੩-੨੦ ਤਕ ਸਮਾਪਤੀ ਹੋ ਗਈ।

ਬਾਬਾ ਵੈਸਾਖਾ ਸਿੰਘ ਦਾ ਭੋਗ

੪ ਵਜੇ ਭੋਗ ਬਾਬਾ ਵੈਸਾਖਾ ਸਿੰਘ ਨਮਿਤ ਰਮੇਸ਼ ਨਗਰ ਖੇਲਾ ਸੀ ਤਦ ਤਕ ਸੰਤ ਮਹਿੰਦਰ ਸਿੰਘ ਜੀ ਦੇ ਘਰ ਉਨ੍ਹਾਂ ਦੇ ਛੋਟੇ ਬੱਚੇ ਨੇ "ਅਵਲ ਅਲਹ ਨੂਰ ਉਪਾਇਆ" ਸ਼ਬਦ ਆਪਣੇ ਵਡੇ ਭਰਾਵਾਂ ਦੀ ਮਦਦ ਨਾਲ, ਬਲੇ ਬਲੋਤੇ ਸੁਣਾਇਆ। ਕੁਛ ਚਿੱਠੀਆਂ ਵੀ ਪੜ੍ਹੀਆਂ ਬੜੇ ਬਲੋਤੇ ਹੀ। ਸ਼ਬਦ ਸੁਣ ਟਿੱਪਣੀ ਕੀਤੀ : ਅਕਾਲੀਆਂ ਵਰਗੀ ਤਰਜ਼ ਹੈ ਇਸਦੀ। ਪਤਾ ਲਗਾ ਸ਼ਬਦ ਉਨ੍ਹਾਂ ਤੋਂ ਹੀ ਸਿਖਿਆ ਗਿਆ ਹੈ।

ਬਾਲੀ ਨਗਰ ਦੇ ਹੀ ਸੰਤ ਸਰਦਾਰਾ ਸਿੰਘ ਦੇ ਘਰ ਆਏ ਦੁਕਾਨ ਵਿਚ ਦਰਸ਼ਨ ਦੇਕੇ ਰਮੇਸ਼ ਨਗਰ ਸੰਤ ਸੁਰੱਖਣ ਸਿੰਘ-ਗੁਰਮੁਖ ਸਿੰਘ ਦੇ ਘਰ ਸਤਿਗੁਰੂ ਜੀ ਪਹੁੰਚੇ ਜਿਥੇ ਬਾਬਾ ਵੈਸਾਖਾ ਸਿੰਘ ਨਮਿਤ ਭੋਗ ਪਾਇਆ ਜਾ ਰਿਹਾ ਸੀ।

ਇਹ ਬਾਬਾ ਜੀ ਪਿਛਲੇ ਹਫਤੇ ਹੀ ਗੁਜ਼ਰੇ ਸਨ। ਅੱਜ ਵੀ ਬਾਬਾ ਜੀ ਦੀ ਯਾਦ ਵਿਚ ਬਹੁਤ ਲੋਕ ਜੁੜੇ ਹੋਏ ਸਨ। ਸੰਤ ਸੇਵਾ ਸਿੰਘ ਜਪੇਦਾ ਦਾ ਕੀਰਤਨ ਜਾਰੀ ਸੀ ਕਿ ਸਤਿਗੁਰੂ ਜੀ ਨੇ ਅੱਧਾ ਘੰਟਾ ਇਹ ਸੁਣਦਿਆਂ ਦਰਸ਼ਨਾਰਥੀਆਂ ਦੀਆਂ ਨਮਸਕਾਰਾਂ ਪਰਵਾਨ ਕੀਤੀਆਂ। ਇਹ ਰੌਣਾ ਤਦ ਤਕ ਜਾਰੀ ਰਿਹਾ ਜਦ ਤਕ ਸ੍ਰੀ ਸਤਿਗੁਰੂ ਜੀ ਆਸਣ ਪਰ ਵਿਰਾਜਮਾਨ ਰਹੇ।

ਸੰਤ ਅਮਰ ਸਿੰਘ ਨਿਰਮਾਣ ਜਿਸੇ ਦੇ ਘਰ ਚਰਨ ਪਾਉਣ ਦੀ ਬੇਨਤੀ ਕੀਤੀ ਸਤਿਗੁਰਾਂ ਬਚਨ ਕੀਤਾ : ਮੈਨੂੰ ਅੱਜ ਅੰਮ੍ਰਿਤ ਵੇਲੇ ਤੋਂ ਹੀ ਲੁੜੀਂਦਾ ਆਰਾਮ ਨਹੀਂ ਮਿਲਿਆ। ਮੇਰਾ ਜੀ ਕਰਦਾ ਏ ਮੈਂ ਹਰੇਕ ਦੇ ਘਰ ਜਾਵਾਂ, ਹਰ ਕਿਸੇ ਦੀ ਗੱਲ ਮੰਨਾਂ, ਪਰ ਮੇਰਾ ਕੱਲਾ ਸਰੀਰ ਕਿੰਨਿਆਂ ਕੁ ਦਾ ਕਿਹਾ ਮੰਨ ਸਕਦਾ ਹੈ! ਪੰਜ ਭੌਤਕ ਸਰੀਰ ਆਪਣੀਆਂ ਕੁਛ ਸੀਮਾਵਾਂ ਰਖਦਾ ਹੈ। ੬ ਵਜੇ ਤਕ "ਡਾਲਮੀਆਂ" ਦੇ ਘਰ ਕੁਆਣ ਵੀ ਜਾਣਾ ਹੈ। ਅਤੇ ੬-੧੦ ਹੋਏ ਹੀ ਵਜ ਗਏ ਹਨ। ਵਕਤ ਸਿਰ 'ਡਾਲਮੀਆਂ' ਦੇ ਘਰ ਵੀ ਤਾਂ ਹੀ ਜਾ ਸਕਾਂਗਾ ਜੇ ਮੈਂ ਆਪਣਾ ਹੁਣ ਦਾ ਜਲਪਾਣੀ ਛਡ ਦਿਆਂ।

ਏਥੇ ਹੀ ਆਪ ਜੀ ਨੇ ਸ. ਜਗਦੀਸ਼ ਸਿੰਘ "ਵਰਿਆਮ" ਦੀ ਇਕ ਲੰਮੀ ਚਿੱਠੀ ਦਾ ਵਾਚਣ ਕੀਤਾ।

ਸੰਤ ਅਮਰ ਸਿੰਘ ਨਿਰਮਾਣ ਨੇ ਹੀ ਬਾਬਾ ਵਸਾਖਾ ਸਿੰਘ ਦੇ ਭੋਗ ਤੇ ਪਰਵਚਨ ਸੁਣਨ ਲਈ ਸਾਧੇਕ ਸਤਿਗੁਰੂ ਜੀ ਦੇ ਸਮਮੁਖ ਰਖਿਆ। ਸਤਿਗੁਰੂ ਜੀ ਨੇ ਥੋੜੇ ਸ਼ਬਦ ਹੀ ਆਖੇ :

"ਸਾਧ ਸੰਗਤ ਜੀ, ਤੁਸਾਂ ਹੁਣੇ ਸ਼ਬਦ ਸੁਣਿਆ ਹੈ ਗੁਰਬਾਣੀ ਦਾ। ਉਹਦੇ ਵਿਚ ਇਕ ਤੁਕ ਆਈ ਹੈ, "ਸਿਰਤੁ ਹਨੈ ਸਿਰ ਊਪਰੇ ਧਮੁਆ ਨਹੀ ਬੂਝੈ।" "ਜੇ ਅਸੀਂ ਇਹਨੂੰ ਬੁਝਦੇ ਹਾਂ ਨਹੀਂ, ਜਿਹੜਾ ਵੀ ਇਹਨੂੰ ਨਹੀਂ ਬੁਝਦਾ ਉਹ ਆਪਣੇ ਆਪ ਨੂੰ ਸਮਝ ਲਏ ਜੋ ਗੁਰਬਾਣੀ ਵਿਚ ਲਿਖਿਆ ਹੈ। ਬਸ, ਅਜ ਏਨਾ ਹੀ ਆਖਣਾ ਹੈ।"

ਏਥੇ ਸਮਾਪਤੀ ਹੁੰਦਿਆਂ ਹੀ ਇਕ ਬੀਬੀ ਨੇ ਆਪਣੇ ਕੁੜਕਲੇ ਬੱਚੇ ਨੂੰ ਨਮਸਕਾਰ ਕਰਵਾ ਕੇ ਬੇਨਤੀ ਕੀਤੀ ਕਿ ਇਸਦਾ ਰੋਗ ਨਵਿਰਤ ਕਰੋ, ਇਲਾਜ ਕੁਛ ਨਹੀਂ ਕਰ ਸਕੇ! ਸਤਿਗੁਰਾਂ ਉਸਦੇ ਗੱਲ ਵਿਚਲੀ ਵਾਲੀ ਵਲ ਤਕਾਕੇ ਬਚਨ ਕੀਤਾ : ਇਲਾਜ ਤਾਂ ਤੂੰ ਇਹਦੇ ਨਾਲ ਕਰ ਰਹੀ ਹੋਵੇਂਗੀ। ਇਹ ਰਹਿਣਾ ਨਹੀਂ। ਸੋਨਾ ਰਹਿਣਾ ਪਹਿਨ। ਬੀਬੀ ਨੇ ਉਸੇ ਵੇਲੇ ਸੋਨੇ ਦੀ ਵਾਲੀ ਲਾਹ ਦਿਤੀ। ਸਤਿਗੁਰੂ ਜੀ ਨੇ ਸਵੇਰੇ ਉਠਕੇ ਸਕੇਸ ਇਸ਼ਨਾਨ ਕਰ ਭਜਨ ਅਤੇ ਭਗਉਤੀਆਂ ਦੀ ਮਾਲਾ ਫੇਰ ਕੇ ਅਰਦਾਸ ਕਰਨ ਲਈ ਬੀਬੀ ਨੂੰ ਆਗਿਆ ਕੀਤੀ।

ਡਾਲਮੀਆ ਦੇ ਨਿਵਾਸ ਤੇ

ਏਥੋਂ ਉਠ, ਸ੍ਰੀ ਸਤਿਗੁਰੂ ਜੀ ਰੱਠੀਓਂ ਹੋ ਕੇ, ਲੋੜੀਂਦੇ ਸਾਥੀਆਂ ਨਾਲ ਸੇਠ ਰਾਮ ਕ੍ਰਿਸ਼ਨ ਡਾਲਮੀਏ ਦੇ ਘਰ ਗਏ। ਸ੍ਰੀ ਪ੍ਰਭੂਦਾਰ ਜੀ ਬ੍ਰਹਮਚਾਰੀ ਹੀ ਇਸ ਜਗਾਹ ਕੁਰਸੀ ਤੇ ਬੈਠੇ ਸਨ, ਬਾਕੀ ਸਭ ਲੋਗ ਭੁੰਜੇ ਹੀ ਸਨ। ਬ੍ਰਹਮਚਾਰੀ ਜੀ ਨੇ ਵੀ ਸਤਿਗੁਰੂ ਜੀ ਦਾ ਉਠਕੇ ਸਤਿਕਾਰ ਸੁਆਗਤ ਕੀਤਾ। ਫਿਰ ਡਾਲਮੀਆ ਪਰਵਾਰ ਅਤੇ ਹੋਰ ਆਏ ਲੋਕਾਂ ਨੂੰ ਸਤਿਗੁਰੂ ਜੀ ਦੀ ਜਾਣਕਾਰੀ ਦੇਣ ਲਈ ਬਹੁਤ ਕੁਝ ਕਿਹਾ, ਗੋ ਰਖਿਅਕ, ਮਹਾਨ ਸ਼ਾਕਾਹਾਰੀ, ਗਾਂਧੀ ਜੁਝਾਰ ਆਦਿ ਸ਼ਬਦਾਂ ਦੀ ਖੁਲ੍ਹੇ ਦਿਲ ਵਰਤੋਂ ਕੀਤੀ। ਐਉਂ ਲੱਗਾ ਜਿਵੇਂ 'ਕੁਆਰ' ਰਖੇ ਸਤਿਗੁਰੂ ਜੀ ਨੂੰ ਅਦਿਭੁਤੀ ਪ੍ਰਸੰਸਾ ਦੀ ਵਾਛੜ ਦਾ ਸਾਹਮਣਾ ਕਰਨਾ ਪੈ ਗਿਆ ਹੋਵੇ।

ਵਾਪਸੀ ਸਮੇਂ ਵੀ ਸ੍ਰੀ ਬ੍ਰਹਮਚਾਰੀ ਨੇ ਗਲਵਕੜੀ ਅਤੇ ਪ੍ਰੇਮ ਭਰੀ ਵਿਦਾਇਗੀ ਦਿਤੀ। ਇਸ ਮੌਕੇ ਸੰਤ ਪ੍ਰਰਸ਼ਾ, ਸੇਠ ਜੀ ਅਤੇ ਸ. ਦੇਸਰਾਜ ਨਾਲ ਸਨ। (ਚਲਦਾ)

Sri Satguru Jagjit Singh Ji eLibrary NamdhariElibrary@gmail.com

ਸਾਡੀ ਸੰਗੀਤ ਯਾਤਰਾ

ਕਹਿਰ ਦਰਵੇਸ਼ ਬਰ ਜਾਨ ਦਰਵੇਸ਼

—ਸੁਰਿੰਦਰ ਸਿੰਘ (ਸਿੰਘ ਬੰਧੂ)

ਭਾਰਤੀ ਸ਼ਾਸਤਰੀ ਸੰਗੀਤ ਦੀ ਦੁਨੀਆ ਵਿਚ "ਸਿੰਘ ਬੰਧੂ" ਭਰਾਵਾਂ ਦੀ ਜੋੜੀ, ਸ: ਤੇਜਪਾਲ ਸਿੰਘ-ਸੁਰਿੰਦਰ ਸਿੰਘ ਦਾ ਵਿਸ਼ੇਸ਼ ਸਥਾਨ ਹੈ। ਉਹਨਾਂ ਇਹ ਸਥਾਨ ਪ੍ਰਾਪਤ ਕਰਨ ਵਿਚ ਬਹੁਤ ਲੰਮੀ ਘਾਲਣਾ ਘਾਲੀ ਹੈ। ਸੁਰਿੰਦਰ ਸਿੰਘ ਜੀ ਦਾ ਆਪਣੀ ਹੱਥੀਂ ਲਿਖਿਆ ਲੇਖ ਉਹਨਾਂ ਦੀ ਜੀਵਨ-ਘਾਲ ਦੀ ਬਾਤ ਤਾਂ ਪਾਉਂਦਾ ਹੀ ਹੈ ਨਾਲ ਇਹ ਵੀ ਦਰਸਾਉਂਦਾ ਹੈ ਕਿ ਸਾਡੇ ਇਸ ਨਾਮਵਰ ਗਾਇਕ ਦੀ ਕਲਮ ਵਿਚ ਵੀ ਕਿੰਨਾ ਜ਼ੋਰ ਹੈ।

—ਸੰਪਾਦਕ

"ਜਿਨ੍ਹਾਂ ਖਾਨਦਾਨਾਂ ਦੇ ਨਸੀਬ ਖਰਾਬ ਹੁੰਦੇ ਨੇ, ਉਹਨਾਂ ਵਿਚ ਤੇਰੇ ਵਰਗੇ ਪੁੱਤਰ ਜੰਮਦੇ ਨੇ।"

ਇੰਤਕਾਲੀ ਕ੍ਰੋਧ ਵਿਚ ਮੇਰੇ ਵੱਡੇ ਭਾਈ ਸਾਹਿਬ ਤੇ ਮੇਰੇ ਸੰਗੀਤ ਦੇ ਗੁਰੂ ਕਹਿ ਰਹੇ ਸਨ। ਮੈਂ ਬੀ. ਏ. ਦੇ ਫਾਈਨਲ ਵਿਚ ਪੜ੍ਹ ਰਿਹਾ ਸੀ। ਤੇਜਪਾਲ ਸਿੰਘ ਐਮ. ਏ. (ਗਣਿਤ) ਕਰ ਰਹੇ ਸਨ ਤੇ ਅਸਾਂ ਦੁਹਾਂ ਸੰਗੀਤ ਨੂੰ ਆਪਣਾ ਪੇਸ਼ਾ ਬਣਾਉਣ ਦਾ ਫੈਸਲਾ ਕਰ ਲਿਆ ਸੀ। ਫੈਸਲਾ ਸੁਣਾਉਣ ਦੀ ਡਿਊਟੀ ਮੇਰੀ ਸੀ। ਬਕਬੋਲਾ ਵੀ ਮੈਂ ਸਾਂ ਤੇ ਗਵਈਆ ਬਣਨ ਦਾ ਬਹੁਤਾ ਫਤੂਰ ਵੀ ਮੈਨੂੰ ਹੀ ਚੜ੍ਹਿਆ ਸੀ। ਤੇਜਪਾਲ ਜੀ ਤਾਂ ਬਸ ਮੇਰੇ ਹਾਮੀ ਸਾਥੀ ਬਣੇ ਸਨ।

ਹੈ ਨਾ ਸਵਾਦੀ ਗੱਲ! ਜਿਸ ਨੇ ਸਾਨੂੰ ਬਚਪਨ ਤੋਂ ਸੰਗੀਤ ਸਿਖਾਇਆ, ਸਾਡੀ ਛੋਟੀ ਤੋਂ ਛੋਟੀ ਕਾਮਯਾਬੀ ਨੂੰ ਰੌਸ਼ਨੀ ਤੇ ਪਿਆਰ ਨਾਲ ਸਲਾਹਿਆ, ਉਹੀ ਗੁਰੂ—ਪ੍ਰਿੰਸੀਪਲ ਜੀ.ਐਸ. ਸਰਦਾਰ—ਅਜ ਸਾਡੇ ਗਾਇਕ ਬਨਣ ਦੇ ਫੈਸਲੇ ਤੇ ਇਸ ਕਦਰ ਨਾਰਾਜ਼ ਸਨ।

ਉਹਨਾਂ ਦੀ ਨਾਰਾਜ਼ਗੀ ਨੇ ਮੇਰਾ ਇਰਾਦਾ ਹੋਰ ਪੱਕਾ ਕਰ ਦਿੱਤਾ। ਜਵਾਨੀ ਦੀ ਉਸ ਰੁੱਤੇ ਮੈਨੂੰ ਹਰ ਵੱਡੇ ਦੇ ਵਜੂਦ ਵਿਚੋਂ ਸਮਝੌਤੇ, ਬੇਈਮਾਨੀ ਦੇ ਕੂੜ ਦੀ ਧੂ ਆਉਂਦੀ ਸੀ। ਮੈਂ ਨੀਤਸ਼ੇ ਤੇ ਜੀ.ਬੀ. ਸ਼ਾਅ ਪੜ੍ਹਦਾ; ਰੰਗ ਤੇ ਝੂਮਦਾ, ਰੋਕਸਪੀਅਰ ਤੋਂ ਮਾਰਲੋ ਨੂੰ ਚੰਗਾ ਸਮਝਦਾ, ਤੇ ਲੈਲੇ ਦਾ ਆਸ਼ਿਕ ਸਾਂ। ਕਲਾ ਜ਼ਿੰਦਗੀ ਦੀਆਂ ਮਜਬੂਰੀਆਂ ਸਮਾਜ ਵਿਚ ਸੰਗੀਤਕਾਰ ਦਾ ਨੀਵਾਂ ਦਰਜਾ, ਰੋਟੀ ਕਮਾਣ ਦੀ ਮੁਸੀਬਤ—ਇਹ ਸਭ ਗੱਲਾਂ ਮੈਨੂੰ ਡਰਾ ਸਕਦੀਆਂ ਸਨ? ਸਗੋਂ ਇਹ ਸੁਣ ਕੇ ਤੇ ਮੇਰਾ ਬਾਗੀ ਮਨ ਹੋਰਵੀ ਮਚਲ ਗਿਆ। ਇਕ ਸਿਆਣੇ ਨੇ ਸਾਡੀ ਬਹਿਸ ਤੋਂ ਬਾਅਦ ਨਾਰਾਜ਼ ਹੋ ਕੇ ਕਿਹਾ, "ਤੂੰ ਗਾ ਗਾ ਕੇ ਹੀ ਮਰ ਜਾਣੈ!" ਮੈਂ ਤਪਾਕ ਨਾਲ ਜਵਾਬ ਦਿੱਤਾ, "ਤੇ ਤੁਸੀਂ ਬਿਨਾ ਗਾਏ ਹੀ ਮਰ ਜਾਣੈ", ਉਹ ਕਮਰਾ ਛੱਡ ਗਿਆ।

ਪਰ ਸੰਗੀਤ ਦਾ ਇਹ ਸਫਰ ਇਸ ਬ੍ਰਿਤਾਂਤ ਨਾਲ ਸ਼ੁਰੂ ਨਹੀਂ ਸੀ ਹੋਇਆ। ਮੈਂ ਹਾਲੇ ਸਕੂਲੇ ਪੜ੍ਹਨ ਵੀ ਨਹੀਂ ਸੀ ਪਿਆ, ਤੇ ਗਾਣਾ ਮਸ਼ਹੂਰ ਹੋਇਆ ਸੀ "ਬਸ ਬਸ ਵੇ ਢੋਲਣਾ, ਕੀ ਤੇਰੇ ਨਾਲ ਬੋਲਣਾ" ਮੈਂ ਗਲੀ ਗਲੀ ਗਾਉਂਦਾ ਫਿਰਾਂ। ਘਰ ਵਾਲੇ ਹੱਸਣ। ਲੰਘੀ ਜਾਂਦਾ ਚੁੱਕ ਕੇ ਲੈ ਜਾਣ। ਨਾ ਮੈਨੂੰ ਹਾਸਾ ਸੁਣੇ ਨਾ ਲੋਕਾਂ ਦੀ ਤਾਰੀਫ। ਬਸ, ਇਕੋ ਹੀ ਧੁਨ, "ਚੰਨਣੀ ਨਦਾਨ ਦੀ ਫੁੱਲਾਂ ਵਿਚ ਵਸਣਾ, ਹਾਲ ਦੁੱਖਾਂ ਵਾਲੜਾ, ਤੇ ਕਿਸੇ ਨੂੰ ਨਹੀਂ ਦੱਸਣਾ—ਬਸ ਬਸ ਵੇ ਢੋਲਣਾ...।"

ਮੇਰੇ ਬੀਜੀ (ਮਾਤਾ ਜੀ) ਢੋਲਕੀ ਨਾਲ ਬਹੁਤ ਮਿੱਠਾ ਗਾਉਂਦੇ ਸਨ ਮੈਂ ਰੋੜ੍ਹਾ ਫੜ ਉਹਨਾਂ ਕੋਲ ਬਹਿ ਜਾਂਦਾ ਤੇ ਬਸ ਕਿੰਨੀਆਂ ਬੋਲੀਆਂ, ਟੱਪੇ, ਸੁਹਾਗ ਲੋਕੀਆਂ ਉਹਨਾਂ ਦੀ ਸੁਰ ਵਿਚ ਸੁਰ ਮਿਲਾ ਕੇ ਗਾਉਂਦਾ। ਰਾਤੀਂ ਸੌਣ ਲਗਿਆਂ ਮੇਰੇ ਕੰਨ ਵਿਚ ਉਹਨਾਂ ਦਾ ਸੁਰ ਬੋਲਦਾ, "ਜਿੰਦੇ ਦੀਆਂ ਜਿੰਦੇ ਦੀਆਂ ਗੁੱਤਾਂ ਨੀਂ...ਗੁਤ ਵੱਡ ਗੁੰਦਾਈਆਂ...ਉਂ...ਮਹਿੰਜ ਗੁੰਦਾਈਆਂ ਨੀਂ, ਫੁਲ ਮੋਤੀਆ ਨੇ ਆਈਆਂ ਉਂ..." ਤੇ ਪਤਾ ਨਹੀਂ ਕਦੋਂ ਉਸ ਉਂ ਉਂ ਦੀ ਪਿਆਰੀ ਪੁਕਾਰ ਵਿਚ ਮੈਂ ਘੂਕ ਸੌਂ ਜਾਂਦਾ।

ਮੇਰੇ ਭਾਪਾ ਜੀ (ਵਡੇ ਭਾਈ ਸਾਹਿਬ, ਪ੍ਰਿੰਸੀਪਲ ਜੀ. ਐਸ. ਸਰਦਾਰ) ਦੀਆਂ ਅੱਖਾਂ ਦੀ ਜੋਤ ਦਸ ਬਾਰਾਂ ਵਰ੍ਹੇ ਦੀ ਉਮਰ ਵਿਚ ਚਲੀ ਗਈ। ਸਾਡੇ ਇੰਜੀਨੀਅਰ ਪਿਤਾ ਜੀ ਨੇ ਬਹੁਤ ਇਲਾਜ ਕਰਾਉਣ ਤੋਂ ਬਾਅਦ ਹਾਰ ਮੰਨ ਲਈ। ਲੋੜ੍ਹੀਨ ਕਿਸ ਕੰਮ ਦਾ? ਇਹਨੂੰ ਅੰਧ ਵਿਦਿਆਲਾ ਭੇਜ ਦਿਓ। ਮੇਰੀ ਮਾਂ ਅੜ ਗਈ, "ਜੇ ਮੁੰਡਾ ਭੇਜਿਆ ਤਾਂ ਮੈਂ ਨਾਲ ਹੀ ਚਲੀ ਜਾਵਾਂਗੀ", ਉਸ ਔਰਤ ਨੇ ਪੁੱਛ ਪੁਛਾ ਕੇ ਪਤਾ ਕੀਤਾ ਕਿ ਜੇ ਸੰਗੀਤ, ਤੇ ਉਹ ਵੀ ਸ਼ੁਧ ਸ਼ਾਸਤਰੀ ਸੰਗੀਤ ਸਿਖਣਾ ਚਾਹੀਏ ਤਾਂ ਬੇਟਾ ਇੱਜ਼ਤਦਾਰ ਸੰਗੀਤ ਗੁਰੂ ਬਣ ਜਾਏਗਾ। ਗੁਰੂਆਂ ਦੀ ਭਾਲ ਪੰਡਿਤ ਬੀ. ਐਨ. ਦੱਤਾ ਕੋਲ ਲੈ ਆਈ, ਤੇ ਲੰਮੀ ਮੁਹਾਰਤ ਸ਼ੁਰੂ ਹੋ ਗਈ।

ਦੱਤਾ ਜੀ ਰੋਜ਼ ਸਿਖਾਉਣ ਆਉਂਦੇ ਤੇ ਜਦੋਂ ਅਜੀਂ ਕੌੜਿਆਂ ਭਾਰ ਕਿੰਨਾ ਚਿਰ ਸਿੱਖ ਲਿਆ ਤਾਂ ਰੋਜ਼ ਉਪਰ ਸਿਆਲੀ ਵਿਚ ਪਹੁੰਚ ਜਸ "ਲੈਂਗਰ ਕਾਂਕਰੀਆ ਜੀ ਨਾ ਮਾਰੋ" ਸੁਣਦੇ

Sri Satguru Jagjit Singh Ji eLibrary NamdhariElibrary@gmail.com

ਜੁੜਦੇ ਜੋ ਜਾਂਦੇ। ਸ਼ਾਇਦ ਉਹੀ ਪਹਿਲੀ ਤਾਲੀਮ ਸੀ।

ਸਰਦਾਰ ਤੇਜਪਾਲ ਸਿੰਘ ਨੇ ਤਦ ਤਕ ਸੰਗੀਤ ਦੇ ਜਰਾਸੀਮ ਦਾ ਕੋਈ ਪਰਿਚੈ ਨਹੀਂ ਸੀ ਦਿੱਤਾ। ਉਹਨਾਂ ਦੀ ਚੁੱਪ ਹੀ ਬਸ ਚਰਚਾ ਦਾ ਵਿਸ਼ਾ ਰਹਿੰਦੀ ਸੀ। ਪਰ ਜਦੋਂ ਵਿਧੀਵਤ ਸੰਗੀਤ ਸਿਖਿਆ ਸ਼ੁਰੂ ਹੋਈ ਉਹ ਨਾਲ ਆ ਬੈਠੇ। ਆਪਣੇ ਬਾਰੇ ਤੇ ਲੋਕਾਂ ਨੂੰ ਪਹਿਲੇ ਹੀ ਯਕੀਨ ਹੋਣ ਦਾ ਸ਼ੱਕ ਸੀ, ਪਰ ਤੇਜਪਾਲ ਜੀ ਸਿਰਫ ਰੇਣੂ ਕੌਂਟੇ ਦੀ ਹੈਸੀਅਤ ਵਿਚ ਹੀ ਸਵੀਕਾਰ ਕਰ ਲਏ ਗਏ।

ਤੇ ਫੇਰ ਸ਼ੁਰੂ ਹੋਏ ਛੋਟੇ ਮੋਟੇ ਪ੍ਰੋਗਰਾਮ ਤੇ ਪਹਿਲਾ ਸਮਾਗਮ ਹੋਇਆ। ਮੰਚ ਤੇ ਪਹੁੰਚਦਿਆਂ ਹੀ ਗੂੰਗੇ ਤੇਜਪਾਲ ਦੀ ਜ਼ਬਾਨ ਨੂੰ ਪਰ ਲਗ ਗਏ। ਆਵਾਜ਼ ਐਸੀ ਗੰਲ ਤੇ ਮਿੱਠੀ ਕਿ ਦਿਲ ਕਰੇ ਟੋਟੀ ਤੇ ਰਖ ਕੇ ਖਾ ਜਾਈਏ। ਗਰੀਬ ਸੁਰਿੰਦਰ ਸਿੰਘ ਦੀ ਛੁੱਟੀ ਹੋ ਗਈ! ਕੰਡੀਓਂ ਵਾਲਿਆਂ ਤੇਜਪਾਲ ਨੂੰ "ਨੰਨ੍ਹੇ ਉਸਤਾਦ" ਕਹਿਣਾ ਸ਼ੁਰੂ ਕਰ ਦਿੱਤਾ ਤੇ ਖ਼ਾਦਿਮ ਨੇ ਤਬਲਾ ਵਜਾਉਣਾ ਸ਼ੁਰੂ ਕਰ ਦਿੱਤਾ।

ਪਰ ਪ੍ਰਤਿਭਾ ਕਦ ਤਕ ਛੁਪ ਸਕਦੀ ਏ! ਖ਼ੰਦੇ ਨੂੰ ਗਾਣੇ ਦਾ ਰਿਆਜ਼ ਜਾਰੀ ਰਖਿਆ, ਤੇ ਤੇਜਪਾਲ ਦੀ ਤਰ੍ਹਾਂ ਦੂਨੀਆਂ ਦੀ ਹਰ ਪ੍ਰਤੀਯੋਗਤਾ ਜਿੱਤਣੀ ਸ਼ੁਰੂ ਕਰ ਦਿੱਤੀ। ਇਕ ਆਲ-ਇੰਡੀਆ ਮੁਕਾਬਲਾ ਤੇ ਇੰਨੇ ਵਧੂ ਸਾਡੇ ਘਰ ਰਹੀ ਕਿ ਲੋਕ ਉਹਨੂੰ ਮਹਿਜ਼ ਡੈਕੋਰੇਸ਼ਨ ਪੀਸ ਸਮਝਣ ਲਗ ਪਏ। ਘਰ ਵਾਲੇ ਖ਼ੁਸ਼, ਸਕੂਲ ਵਾਲੇ ਖ਼ੁਸ਼, ਕਾਲਜ ਵਾਲੇ ਖ਼ੁਸ਼, ਯੂਨੀਵਰਸਿਟੀ ਵਾਲੇ ਖ਼ੁਸ਼। ਹਰ ਇਨਾਮ ਸਾਡਾ, ਕੰਪੀਟੀਸ਼ਨ ਸਾਡਾ। ਸਕੂਲ ਮਿਸ਼ਨ ਨਾਲ ਮੈਂ ਅਫ਼ਗਾਨਿਸਤਾਨ ਗਿਆ, ਯੂਥ ਫੈਸਟੀਵਲ ਵਿਚ ਇੱਥੇ ਉੱਗਤ...

ਇਸੇ ਹਾਲੇ, ਖ਼ੁਸ਼ੀ ਦੇ ਮਾਹੌਲ ਵਿਚ ਅਸੀਂ ਅਗਨ-ਬਾਣ ਛੱਡ ਦਿੱਤਾ "ਅਸੀਂ ਗਵਈਏ ਬਣਾਂਗੇ, "ਇੰਜੀਨੀਅਰਾਂ ਡਾਕਟਰਾਂ, ਅਧਿਆਪਕਾਂ ਦੇ ਖ਼ਾਨਦਾਨ ਵਿਚ ਇਹ ਇਕ ਭਿਅੰਕਰ ਘਟਨਾ ਘਟ ਗਈ। ਮੇਰੀ ਚਾਚੀ ਜੀ ਨੇ ਕਿਹਾ, "ਪੁੱਤਰ ਇਹ ਕੀ? ਅਸੀਂ ਤੇ ਆਪਣੇ ਖ਼ਾਨਦਾਨ ਵਿਚ ਕਦੀ ਇਹੋ ਜਿਹੀ ਗੱਲ ਨਹੀਂ ਸੁਣੀ, "ਚਾਚਾ ਜੀ ਭੜਕ ਗਏ, "ਕੀ ਮਤਲਬ ਏ ਤੁਹਾਡਾ? ਸਾਡੇ ਖ਼ਾਨਦਾਨ ਵਿਚ ਮਿਰਾਸੀ ਹੋਏ ਰਹੇ ਨੇ? ਇਹ ਤੇ ਇਹਨਾਂ ਕੰਜਰਾਂ ਦੀ..." ਗੁੱਸੇ ਨਾਲ ਉਹ ਕੰਬਣ ਲਗ ਪਏ!

ਤੇ ਸਮਾਜਿਕ ਕ੍ਰਾਂਤੀ ਦਾ ਉਹ ਸ਼ਾਨਦਾਰ ਦੌਰ ਬਹੁਤ ਦੇਰ ਨਾ ਚਲ ਸਕਿਆ। "ਧਰਮਾਂ ਨੂੰ ਖਾਓ" ਸਭ ਨੇ ਕਿਹਾ ਤੇ ਅਸੀਂ ਤੁਰ ਪਏ ਸਰਸਵਤੀ ਮਾਂ ਦੀ ਰਾਹ ਤੇ, ਜਿੱਥੇ ਕੰਡੇ ਨੇ, ਠੋਕਰਾਂ ਨੇ, ਤੇ ਦਿਲਸਿਕਨੀਆਂ ਦੇ ਅੰਬਾਰ ਨੇ। ਤੇ ਸਭ ਤੋਂ ਵੱਡੀ ਮੁਸੀਬਤ ਇਹ ਹੈ ਕਿ ਕੰਡੇ, ਠੋਕਰਾਂ ਤੇ ਦਿਲਸਿਕਨੀਆਂ ਏਸ ਪੈਂਡੇ ਦੀ ਦਿਲਕਸ਼ੀ ਨੂੰ ਘਟਾ ਨਹੀਂ ਸਕਦੀਆਂ। ਇਕ ਅਜੀਬ ਮਸਤ ਮਜਬੂਰੀ ਖਿੱਚੀ ਲਈ ਜਾਂਦੀ ਹੈ, ਇਕ ਐਸੇ ਸਫਰ ਤੇ ਜਿੱਥੇ ਹਰ ਮੋੜ ਮੰਜ਼ਿਲ ਲਗਦਾ ਹੈ ਤੇ ਹਰ ਕਿੰਗਰਾ ਸਿਖਰ ਪਰ ਸ਼ਾਇਦ ਜਿਸ ਦੀ ਨਾ ਕੋਈ ਮੰਜ਼ਿਲ ਹੈ ਤੇ ਨਾ ਹੀ ਕੋਈ ਆਖ਼ਰੀ ਸਿਖਰ।

ਗਵਈਏ ਬਣਨ ਦੇ ਫੈਸਲੇ ਦੇ ਨਾਲ ਹੀ ਅੱਖ ਬਦਲ ਗਈ। ਜਿਸ ਗਾਣੇ ਦੀ ਇੰਨੀ ਤਾਰੀਫ ਸੀ ਉਹ ਸੱਖਣਾ ਲਗਣ ਲਗਾ। ਪਹਿਲੀ ਵੇਰ ਰਿਆਜ਼ ਕਰਦਿਆਂ ਸ਼ਰਮ ਆਉਣ ਲੱਗੀ। ਆਪਣੇ ਗਾਣੇ ਦਾ ਢੰਗ ਕਿਸ ਵੁਕਅਤੀ ਨਾਲ ਕੱਜੀਏ?

ਗੁਰੂ ਦੀ ਤਲਾਸ਼ ਸ਼ੁਰੂ ਹੋ ਗਈ। ਬਚਪਨ ਤੋਂ ਭਾਪਾ ਜੀ ਤੋਂ ਸੁਣਿਆ ਸੀ, ਸਾਡੇ ਯੁਗ ਦਾ ਸਭ ਤੋਂ ਵਡਾ ਗਵਈਆ ਉਸਤਾਦ ਅਮੀਰ ਖਾਂ ਹੈ। ਉਸਤਾਦ ਬੜੇ ਗ਼ੁਲਾਮ ਅਲੀ ਖਾਂ ਸਾਹਿਬ ਦੇ ਅਸੀਂ ਆਸ਼ਕ ਸਾਂ—ਮਾਫ਼ ਕਰਨਾ ਮੈਂ। ਉਹਨਾਂ ਦੇ ਦਿੱਲੀ ਆਉਂਦਿਆਂ ਹੀ ਮੇਰੇ ਸਭ ਕੰਮ ਰੁਕ ਜਾਂਦੇ ਤੇ ਮੈਂ ਸਾਰਾ ਸਾਰਾ ਦਿਨ ਪੂਰਾ ਹਫ਼ਤਾ ਉਸ ਕੋਠੀ ਵਿਚ ਬੈਠਾ ਰਹਿੰਦਾ, ਜਿਥੇ ਗ਼ੁਲਾਮ ਅਲੀ ਖਾਂ ਸਾਹਿਬ ਰੁਕਦੇ ਸਨ। ਪਰ ਪਤਾ ਨਹੀਂ ਕਿਉਂ ਜਦ ਅੱਖ ਬੰਦ ਕਰਾਂ ਗੁਰੂ ਸਿਰਫ ਅਮੀਰ ਖਾਂ ਹੀ ਨਜ਼ਰ ਆਉਂਦਾ ਸੀ, ਗੁਰੂ ਤਕ ਪਹੁੰਚਣ ਦੀ ਕੋਸ਼ਿਸ਼ ਸ਼ੁਰੂ ਹੋ ਗਈ।

ਮਰਹੂਮ ਉਸਤਾਦ ਅਮੀਰ ਖ਼ਾਂ ਸਾਹਿਬ ਬਿਲਕੁਲ ਰਵਾਇਤੀ ਕਿਸਮ ਦੇ ਉਸਤਾਦ ਸਨ। ਸ਼ਾਗਿਰਦੀ ਤੇ ਦੂਰ, ਉਹਨਾਂ ਤਕ ਪਹੁੰਚ ਸਕਣਾ ਹੀ ਕਾਫ਼ੀ ਹਿੰਮਤ ਦਾ ਕੰਮ ਸੀ। ਇਕ ਦਮ ਸ਼ਾਂਤ ਤਬੀਅਤ, ਗ਼ਮਗੀਂ, ਫ਼ਿਲਾਸਫਰ ਕਿਸਮ ਦੇ ਖ਼ਾਂ ਸਾਹਿਬ ਨੇ ਬਹੁਤ ਗਿਣੇ ਚੁਣੇ ਲੋਕਾਂ ਨੂੰ ਹੀ ਸ਼ਾਗਿਰਦੀ ਦਾ ਸ਼ਰਫ਼ ਬਖਸ਼ਿਆ। ਸੋ ਸਭ ਤੋਂ ਪਹਿਲਾਂ ਇਹ ਸਵਾਲ ਉੱਠਿਆ ਕਿ ਗੱਲ ਕਿਸ ਤਰ੍ਹਾਂ ਚਲਾਈ ਜਾਏ।

ਇਕ ਸੱਜਣ, ਸਰਦਾਰ ਗੁਰਬਖਸ਼ ਸਿੰਘ ਖਾਂ ਸਾਹਿਬ ਦੇ ਪ੍ਰਸ਼ੰਸਕ ਤੇ ਦੋਸਤ ਸਨ। ਸੋ, ਉਹਨਾਂ ਨੂੰ ਹੀ ਅਸੀਂ ਜਾ ਫੜਿਆ। ਵਾਅਦੇ ਅਨੁਸਾਰ ਉਹਨਾਂ ਖਾਂ ਸਾਹਿਬ ਨਾਲ ਗੱਲ ਕੀਤੀ। ਜਵਾਬ ਮਿਲਿਆ "ਵੇਖਾਂਗੇ" ਬਸ ਅਸੀਂ ਖਾਂ ਸਾਹਿਬ ਦੇ ਚੱਕਰ ਕਟਣੇ ਸ਼ੁਰੂ ਕਰ ਦਿੱਤੇ। ਉਹ ਜਦ ਦਿੱਲੀ ਆਉਣ, ਅਸੀਂ ਹਾਜ਼ਰ। ਬਸ, ਚੁਪ ਚਾਪ, ਹੱਥ ਜੋੜ ਕੇ ਬੈਠੇ ਰਹਿਣਾ। ਖ਼ਾਂ ਸਾਹਿਬ ਨੇ ਕਦੀ ਨਜ਼ਰ ਚੁਕ ਕੇ ਵੇਖਣਾ ਵੀ ਨਾ। ਅਸੀਂ ਪੈਰੀਂ ਹੱਥ ਲਾਇਆ, ਉਹਨਾਂ ਖ਼ਲਾਅ ਵਿਚ ਵੇਖਦਿਆਂ, "ਜੀਂਦੇ ਰਹੋ" ਕਹਿ ਦਿੱਤਾ। ਅਸੀਂ ਏਸੇ ਵਿਚ ਖ਼ੁਸ਼! ਉਹ ਜਾ ਕੇ ਉਠੇ ਅਸਾਂ ਦੌੜ ਕੇ ਉਹਨਾਂ ਦੇ ਪੈਰ ਵਿਚ ਜੁੱਤੀ ਪੁਆ ਦਿੱਤੀ। ਉਹਨਾਂ ਦੇਖ ਕੇ ਅਣਡਿੱਠ ਕਰ ਦਿੱਤਾ। ਅਸੀਂ ਮਸਰੂਰ ਕਿ ਜੁੱਤੀ ਪੁਆਈ ਤੇ ਸਾਡੇ ਹੱਥੋਂ ਈ। ਸਰਦਾਰ ਗੁਰਬਖਸ਼ ਸਿੰਘ ਮੁਤਾਬਕ,

Sri Satguru Jagjit Singh Ji eLibrary NamdhariElibrary@gmail.com

ਸਾਡੀ ਅਰਜ਼ੀ ਉਥੇ ਪੇਸ਼ ਕਰਦੇ ਰਹੇ।

ਫੇਰ ਇਕ ਦਿਨ ਕਮਾਲ ਹੋ ਗਿਆ, ਉਸਤਾਦ ਅਮੀਰ ਖ਼ਾਂ ਸਾਹਿਬ ਰੇਡੀਓ ਵਿਚ ਨੈਸ਼ਨਲ ਪਰੋਗਰਾਮ ਗਾਉਣ ਆਏ ਸਨ। ਅਸੀਂ ਹਸਬ ਮਾਮੂਲ ਹਾਜ਼ਰ। ਪ੍ਰੋਗਰਾਮ ਤੋਂ ਬਾਅਦ ਖ਼ਾਂ ਸਾਹਿਬ ਨੇ ਸਟੇਜ ਤੋਂ ਉਤਰਦਿਆਂ ਤੇਜਪਾਲ ਸਿੰਘ ਦੇ ਮੋਢੇ ਤੇ ਹੱਥ ਰਖ ਦਿੱਤਾ। ਨਾਲ ਟੁਰਦਿਆਂ ਹੌਲੀ ਜਿਹੀ ਇਹ ਵੀ ਕਹਿ ਦਿੱਤਾ, "ਭਾਈ ਗੁਰਬਖ਼ਸ਼ ਸਿੰਘ ਜੀ ਤੁਮਹਾਰੇ ਬਾਰੇ ਮੇਂ ਬਾਤ ਹੂਈ ਥੀ, ਅਗਲੀ ਬਾਰ ਆਏਂਗੇ ਤੋ ਦੇਖੇਂਗੇ" ਤੇਜਪਾਲ ਦੀ ਜ਼ਬਾਨ ਬੰਦ। ਖ਼ਾਂ ਸਾਹਿਬ ਚਲੇ ਗਏ। ਕਿੰਨੇ ਚਿਰ ਮੈਂ ਮੋਢਾ ਛੋਹ ਕੇ ਪੁਛਾਂ, "ਖ਼ਾਂ ਸਾਹਿਬ ਨੇ ਏਥੇ ਹੱਥ ਰੱਖਿਆ ਸੀ ਨਾ?" ਤੇਜਪਾਲ ਜਾਣੋਂ ਤਾਂ ਬਸ ਮੋਢਾ ਫੜੀ ਫਿਰਨ।

ਇਹ ਮੌਕਾ ਪ੍ਰਸਿੱਧ ਸਰਦਾਰ ਗੁਰਬਖ਼ਸ਼ ਸਿੰਘ ਦੀਆਂ ਦੋ ਸਾਲ ਦੀਆਂ ਕੋਸ਼ਿਸ਼ਾਂ ਦਾ ਨਤੀਜਾ ਸੀ। ਇਸ ਤੋਂ ਬਾਅਦ ਦੇ ਬਾਰ੍ਹਾਂ ਮਹੀਨੇ "ਦੇਖਾਂਗੇ" ਵਿਚ ਹੀ ਬੀਤੇ। ਪਰ ਫ਼ਰਕ ਇਹ ਸੀ ਕਿ ਹੁਣ ਗੱਲ ਤੇਜਪਾਲ ਤੇ ਖ਼ਾਂ ਸਾਹਿਬ ਦੀ ਹੁੰਦੀ ਸੀ।

ਰੱਬ ਤੇ ਮੈਂ "ਦੇਖਾਂਗੇ" ਕੋਲੋਂ ਘਬਰਾ ਹੀ ਗਿਆ। ਫਿਰ ਦੂਜੇ ਮੈਨੂੰ ਆਕਾਸ਼ਵਾਣੀ ਜੰਮੂ ਵਿਚ ਨੌਕਰੀ ਮਿਲ ਗਈ। ਸੋ ਮੈਂ ਗੁਰੂ ਮਨਾਉਣ ਮੁਹਿੰਮ ਵਿਚੋਂ ਗਾਇਬ ਹੋ ਗਿਆ ਪਰ ਤੇਜਪਾਲ ਦਾ ਦਿਲ ਮੇਰੇ ਨਾਲੋਂ ਤਕੜਾ ਤੇ ਗੁਰੂ ਧਾਰਨ ਦਾ ਇਰਾਦਾ ਮਜ਼ਬੂਤ ਸੀ। ਉਹ ਮੁਤਵਾਤਰ ਖ਼ਾਂ ਸਾਹਿਬ ਦੇ ਚੱਕਰ ਕਟਦੇ ਰਹੇ। ਇਕ ਦਿਨ ਉਹਨਾਂ ਨੇ ਖ਼ਾਂ ਸਾਹਿਬ ਦੀ ਬੀਵੀ ਮੁੰਨੀ ਬਾਈ ਦਾ ਤਰਲਾ ਕੀਤਾ, "ਅੰਮਾ ਜੀ, ਕਲ੍ਹ ਮੇਰਾ ਪ੍ਰੋਗਰਾਮ ਹੈ, ਰੇਡੀਓ ਤੇ, ਜੇ ਤੁਸੀਂ ਖ਼ਾਂ ਸਾਹਿਬ ਨੂੰ ਸੁਣਵਾ ਦਿਓ, ਤਾਂ ਸ਼ਾਇਦ ਉਹ ਮਿਹਰਬਾਨ ਹੋ ਜਾਣ।" ਇਸ ਨੇਕ ਔਰਤ ਨੇ ਮਦਦ ਕੀਤੀ। ਮੈਨੂੰ ਜੰਮੂ ਤਾਰ ਪਹੁੰਚੀ, "ਖ਼ਾਂ ਸਾਹਿਬ ਮੰਨ ਗਏ। ਦਿੱਲੀ 'ਪਹੁੰਚ'" ਤੀਸਰੇ ਦਿਨ ਮੈਂ ਦਿੱਲੀ। ਤੇਜਪਾਲ ਸਿੰਘ, ਉਸਤਾਦ ਅਮੀਰ ਖ਼ਾਂ ਦੇ ਸ਼ਾਗਿਰਦ ਹੋ ਗਏ।

ਰੇਡੀਓ ਦੀ ਨੌਕਰੀ ਛੋੜ, ਮੈਂ ਫੇਰ ਆਪਣੇ ਘਰ ਦਿੱਲੀ ਪਹੁੰਚ ਗਿਆ। ਹੁਣ ਆਪਣੇ ਦਿੱਲੀ ਨਿਵਾਸ ਦੇ ਦੌਰਾਨ ਖ਼ਾਂ ਸਾਹਿਬ ਸਾਡੇ ਹੀ ਘਰ ਰਹਿੰਦੇ। ਛੇਤੀ ਹੀ ਮੇਰੇ ਉਪਰ ਵੀ ਕਰਮ ਹੋਇਆ ਮੈਂ ਗੰਡਾ-ਬੰਦ ਸ਼ਾਗਿਰਦ ਹੋ ਗਿਆ।

ਉਸਤਾਦ ਅਮੀਰ ਖ਼ਾਂ ਕੋਲੋਂ ਤਾਲੀਮ, ਇਕ ਨਵਾਂ ਤਜਰਬਾ ਸੀ। ਕਈ ਕਈ ਦਿਨ ਸਿਖਣ ਦੀ ਕੋਈ ਗੱਲ ਨਾ ਹੁੰਦੀ। ਸਾਡੀ ਇਹ ਜੁਰਅਤ ਨਹੀਂ ਸੀ ਕਿ ਸਿੱਖਣ ਨੂੰ ਕਹੀਏ। ਉਸਤਾਦ-ਸ਼ਾਗਿਰਦ ਦੇ ਰਿਸ਼ਤੇ ਵਿਚ ਸਭ ਹੱਕ ਉਸਤਾਦ ਦੇ ਹੁੰਦੇ ਨੇ। ਸ਼ਾਗਿਰਦ ਦਾ ਸਿਰਫ਼ ਇਕ ਹੱਕ ਹੈ, ਉਹ ਕਹਿ ਸਕਦੈ ਕਿ ਮੈਂ ਸ਼ਾਗਿਰਦ ਹਾਂ।

ਈਮਾਨਦਾਰੀ ਦੀ ਗੱਲ ਇਹ ਹੈ ਕਿ ਸਾਨੂੰ ਕਦੀ ਇਹ ਮਹਿਸੂਸ ਹੀ ਨਹੀਂ ਹੁੰਦਾ ਸੀ ਕਿ ਇੰਨੇ ਦਿਨ ਸਾਨੂੰ ਖ਼ਾਂ ਸਾਹਿਬ ਨੇ ਤੰਬੂਰਾ ਵੀ ਨਹੀਂ ਫੜਾਇਆ। ਇਕ ਤਾਂ ਇਹ ਕਿ ਜਦੋਂ ਉਹ ਮਿਹਰਬਾਨ ਹੋ ਜਾਂਦੇ, ਤਾਂ ਫੇਰ ਸਵੇਰੇ ਖ਼ੁਦ ਹੀ ਜਗਾ ਕੇ ਕਿੰਨੀ ਕਿੰਨੀ ਦੇਰ ਸਿਖਾਂਦੇ ਰਹਿੰਦੇ। ਦੂਜਾ ਇਹ ਕਿ ਖ਼ਾਂ ਸਾਹਿਬ ਦਾ ਸੌਣਾ, ਜਾਗਣਾ, ਸੰਗੀਤ ਹੀ ਸੀ। ਉਹ ਹਰ ਵੇਲੇ ਕੇਵਲ ਸੰਗੀਤ ਦੀਆਂ ਹੀ ਗੱਲਾਂ ਕਰਦੇ ਕਿ ਕਿਸ ਉਸਤਾਦ ਨੇ ਕਿਸ ਵੇਲੇ ਕਿਹੜਾ ਰਾਗ ਗਲਤ ਕਰ ਦਿੱਤਾ, ਕਿਹੜੀ ਬੰਦਿਸ਼ ਵਿਚ ਰਾਗ ਖਿੜ ਉਠਿਆ। ਬਸ ਬਹੁਤਾ ਚਿਰ ਇਹੋ ਜਿਹੇ ਹੀ ਚਰਚੇ ਰਹਿੰਦੇ। ਅਸਾਂ ਵੇਖਿਆ ਕਿ ਅਮੀਰ ਖ਼ਾਂ ਦੀ ਸੰਗਤ ਹੀ ਤਾਲੀਮ ਹੈ।

ਸੰਗੀਤ ਸਾਧਨਾ ਨਾਲ ਨਾਲ ਚਲਦੀ ਰਹੀ। ਰੇਡੀਓ ਵਿਚ ਅਸੀਂ ਵੱਖ ਵੱਖ ਗਾਉਂਦੇ, ਪਰ ਮੰਚ ਤੇ ਹਮੇਸ਼ਾ ਜੁਗਲਬੰਦੀ ਵਿਚ ਹੀ ਗਾਉਂਦੇ। ਘਰ ਦਾ ਮਾਹੌਲ ਇਕ ਸਦੀਵੀ ਕਸ਼ਮਕਸ਼ ਵਿਚ ਤਣਿਆ ਰਹਿੰਦਾ। ਰਿਸ਼ਤੇਦਾਰਾਂ ਨੂੰ ਮੌਕਾ ਮਿਲ ਗਿਆ। ਇਕ ਦਿਨ ਭੂਆ ਜੀ ਕਹਿਣ ਲਗ ਪਏ। "ਵੇਖ ਵੇ ਮਰਿਆ ਵੀਰਾ, ਤੇਰੇ ਘਰ ਵਿਚ ਮੁਸਲਮਾਨਾਂ ਦਾ ਡੇਰਾ ਬਣ ਗਿਆ" ਜਿੰਨੇ ਮੂੰਹ ਉਨੀਆਂ ਗੱਲਾਂ।

ਸੰਗੀਤ ਦੀ ਦੁਨੀਆਂ ਵਿਚ ਵੀ ਕਾਫ਼ੀ ਦਿਲਚਸਪ ਤਬਦੀਲੀਆਂ ਆਉਣ ਲਗੀਆਂ। ਇਕ ਸੰਗੀਤ ਆਲੋਚਕ ਸਾਹਿਬ ਸਾਡੇ ਖ਼ਿਲਾਫ਼ ਲਿਖਣ ਪਿੱਛੇ ਪੈ ਗਏ। (ਅਜ ਤਕ ਪਏ ਹੋਏ ਨੇ।) ਸੰਨ ੧੯੬੪ ਦੇ ਇਕ ਪ੍ਰੋਗਰਾਮ ਨੂੰ ਉਹਨਾਂ ਇਹ ਕਹਿ ਕੇ ਛੇੜਿਆ, "ਸੰਗੀਤ ਵਿਚ ਅਮੀਰ ਖ਼ਾਂ ਵਾਲੀ ਗਹਿਰਾਈ ਨਹੀਂ, ਆਵਾਜ਼ਾਂ ਗਾਇਕੀ ਅਨੁਕੂਲ ਨਹੀਂ, ਅੱਖਾਂ ਟੱਡ ਕੇ ਗਾਉਂਦੇ ਨੇ..." ਬੜਾ ਮਜ਼ਾ ਆਇਆ। ਦਿੱਲੀ ਦੇ ਸਭ ਯਾਰਾਂ ਦੀ ਜੋਕ ਵਿਚ ਉਸ ਰੀਵੀਊ ਦੇ ਚਰਚੇ। ਸਭ ਤਰਫ਼ ਖੇੜਾ ਹੀ ਖੇੜਾ, 'ਲਓ ਜੀ ਬੜੇ ਗਵਈਏ ਬਣਦੇ ਸੀ, ਹੋ ਗਈ ਨਾ ਬੋਲਤੀ ਬੰਦ।'"

ਬੋਲਤੀ ਕਿਵੇਂ ਬੰਦ ਹੁੰਦੀ! ਆਪਣਾ ਤੇ ਜਸ 'ਮਰਜ਼ ਬੜ੍ਹਤਾ ਗਿਆ ਜਿਉਂ ਜਿਉਂ ਦਵਾ ਕੀ' ਵਾਲਾ ਹਾਲ ਸੀ। ਰਿਆਜ਼ ਹੋਰ ਵਧਾ ਦਿੱਤਾ ਅਸੀਂ ਕਹਿੰਦੇ, 'ਨਹੀਂ ਉਹਨਾਂ ਠੀਕ ਲਿਖਿਐ। "ਹੁਣ ਕੀ ਕਰਨੈ?" ਹਕਿ ਦਰਵੇਸ਼ ਬਰ ਜਾਨ ਦਰਵੇਸ਼। ਬਸ ਇਹ ਗੁੱਸਾ ਆਪਣੇ ਤੇ ਹੀ ਕਰ ਲਾਂਗੇ। ਰਿਆਜ਼ ਕਰਾਂਗੇ ਗਾ ਕੇ ਹੀ ਦਮ ਲਵਾਂਗੇ।"

ਬੰਬਈ ਤੋਂ ਪਹਿਲਾ ਪ੍ਰੋਗਰਾਮ ਸੰਨ ੧੯੬੭ ਵਿਚ

Sri Satguru Jagjit Singh Ji eLibrary NamdhariElibrary@gmail.com

ਆਇਆ। 'ਕਲ੍ਹ ਦੇ ਕਲਾਕਾਰ' ਉਹਨੀਂ ਦਿਨੀਂ ਇਕ ਅਹਿਮ ਸੰਗੀਤ ਸੰਮੇਲਨ ਸੀ। ਇਸ ਜਲਸਿਆ ਦਾ ਪਹਿਲਾ ਆਈਟਮ ਸਾਡਾ ਸੀ। ਕੋਈ ਤਨਕੀਦ ਕਰਨ ਵਾਲਾ ਨਹੀਂ ਪੁਜਾ। ਦੂਜੇ ਦਿਨ ਹਰ ਅਖਬਾਰ ਨੇ "ਦਿੱਲੀ ਦੇ ਸਿੰਘ ਬੰਧੂ ਚੰਗਾ ਗਾਏ" ਕਹਿ ਕੇ ਟਾਲ ਦਿੱਤਾ। ਜਿਸ ਤਰ੍ਹਾਂ ਗਏ, ਉਸੇ ਤਰ੍ਹਾਂ ਬੇਰੰਗ ਲਫਾਫੇ ਮੁੜ ਆਏ। ਰੇਡੀਓ ਵਿਚ ਗਰੇਡ ਵਧ ਗਿਆ। ਦਿੱਲੀ ਤੇ ਆਲੇ ਦੁਆਲੇ ਦੇ ਲੋਕ ਸਾਡੇ ਨਾਂ ਦੀ ਚਰਚਾ ਕਰਨ ਲਗ ਪਏ।

ਸਾਡੀ ਸੰਗੀਤ ਯਾਤਰਾ ਦਾ ਸਭ ਤੋਂ ਅਹਿਮ ਕਦਮ ਪੂਨਾ ਦਾ ਸਵਾਈ ਗੰਧਰਵ ਸੰਗੀਤ ਸੰਮੇਲਨ ਸੀ। ੧੯੬੮ ਵਿਚ ਦਿੱਲੀ ਦੇ ਇਕ ਪ੍ਰੋਗਰਾਮ ਤੋਂ ਖੁਸ਼ ਹੋ, ਮਰਹੂਮ ਡਾਕਟਰ ਬੀ. ਸੀ. ਦੇਵਾ ਨੇ ਪੰਡਿਤ ਭੀਮਸੈਨ ਜੋਸ਼ੀ ਨੂੰ ਖਤ ਲਿਖਿਆ ਤੇ ਸਾਨੂੰ ਪੂਨਾ ਜਾਣ ਦਾ ਸੱਦਾ ਆ ਗਿਆ। ਪੂਨਾ ਦੇ ਸਵਾਈ ਗੰਧਰਵ ਫੈਸਟੀਵਲ ਵਿਚ ਹਰ ਸਾਲ ਦੀ ਹਾਜ਼ਰੀ ਕੋਈ ੧੦ ਤੋਂ ੧੫ ਹਜ਼ਾਰ ਸਰੋਤਿਆਂ ਦੀ ਹੁੰਦੀ ਹੈ। ਇੰਨਾ ਵੱਡਾ ਜਨ-ਸਮੂਹ ਸ਼ਾਇਦ ਭਾਰਤ ਦੇ ਹੋਰ ਕਿਸੇ ਸੰਗੀਤ ਸੰਮੇਲਨ ਵਿਚ ਨਹੀਂ ਹੁੰਦਾ।

ਦੋ ਦਿਨ ਦੇ ਇੰਤਜ਼ਾਰ ਤੋਂ ਬਾਦ ਸਾਡੀ ਵਾਰੀ ਆਈ। ਅਸੀਂ ਰਾਗ ਮਾਰੂ ਬਿਹਾਗ ਤੇ ਅਡਾਨਾ ਚੁਣੇ। ਮੰਚ ਤੇ ਬੈਠੇ ਹੀ ਸਾਂ ਕਿ ਅਗਲੀਆਂ ਕਤਾਰਾਂ ਵਿਚ ਹੱਸਣ ਦੀ ਆਵਾਜ਼ ਕੰਨੀ ਪਈ! ਪੂਨਾ ਦੇ ਲੋਕਾਂ ਪਹਿਲੀ ਵੇਰ ਸਿੱਖਾਂ ਤੋਂ ਸ਼ਾਸਤਰੀ ਸੰਗੀਤ ਸੁਣਨਾ ਸੀ। ਏਨਾ ਵੱਡਾ ਹਜੂਮ ਵੇਖ ਕੇ ਮੈਂ ਕਾਫੀ ਨਰਵਸ ਹੋ ਚੁਕਾ ਸਾਂ। ਹਾਸੇ ਨੇ ਮੈਨੂੰ ਇਕਦਮ ਗੁੱਸੇ ਨਾਲ ਭਰ ਦਿੱਤਾ। "ਠਹਿਰੋ ਤੁਸੀਂ ਹੁਣੇ ਦੱਸਨਾ ਤੁਹਾਨੂੰ" ਮੇਰੇ ਆਤਮ ਸਨਮਾਨ ਨੇ ਕਿਹਾ। ਘਬਰਾਹਟ ਉੱਡ ਗਈ ਤੇ ਗਾਣਾ ਸ਼ੁਰੂ ਹੋ ਗਿਆ।

ਪਹਿਲੇ ਰਾਗ ਤੋਂ ਬਾਅਦ ਤਾਲੀ ਦੀ ਆਵਾਜ਼ ਨਾਲ ਦਿਲ ਦਹਿਲ ਗਿਆ। ਹੁਣ ਤਕ ਅਸਾਂ ਦੋ ਸੌ, ਪੰਜ ਸੌ ਸਰੋਤੇ ਹੀ ਦੇਖੇ ਸਨ। ਹਜ਼ਾਰਾਂ ਹੱਥਾਂ ਦੀ ਗੂੰਜ ਨਵਾਂ ਤਜਰਬਾ ਸੀ। ਦੂਸਰੇ ਰਾਗ ਤੋਂ ਬਾਅਦ "ਮੋਰ, ਮੋਰ" ਦੇ ਸ਼ੋਰ ਵਿਚ ਅਸੀਂ ਮੰਚ ਤੋਂ ਉਤਰ ਆਏ।

ਸਵੇਰੇ ਮਰਾਠੀ ਦੇ ਚੋਹਾਂ ਪਰਮੁੱਖ ਪਰਚਿਆਂ ਵਿਚ ਆਪਣੇ ਚਰਚੇ ਸਨ। "ਹਿੰਦ ਕੇਸਰੀ" ਨੇ ਤਿੰਨ ਕਾਲਮ ਵੱਡਾ ਪਹਿਲੇ ਸਫੇ ਤੇ ਸਰਨਾਵਾਂ ਦਿੱਤਾ, "ਸਿੱਖ ਬੰਧੂਨੀ ਮਾਰੂ ਬਿਹਾਗ ਰੰਗ ਵਿਲਾ"। "ਸਕਾਲ" ਨੇ ਚਿੱਤਰ ਸਹਿਤ ਤਾਰੀਫ ਕੀਤੀ। ਮਹਾਰਾਸ਼ਟਰ ਵਿਚ ਸਾਡਾ ਨਾਂ ਹੋ ਗਿਆ। ਸਵਾਈ ਗੰਧਰਵ ਸੰਮੇਲਨ ਪ੍ਰਬੰਧਕਾਂ ਨੇ ਸਾਨੂੰ ਦੁਬਾਰਾ ਕਦੀ ਸੱਦਾ ਨਹੀਂ ਭੇਜਿਆ।

ਸੱਚ ਪੁੱਛੋ ਤੇ ਇਸ ਸੰਮੇਲਨ ਤੋਂ ਬਾਅਦ ਅਸੀਂ ਕਦੇ ਪਿਛਾਂਹ ਮੁੜ ਕੇ ਨਹੀਂ ਵੇਖਿਆ। ੧੯੬੯ ਵਿਚ ਸਾਨੂੰ ਬੰਬਈ ਦੀ ਸੁਰ ਸਿੰਗਾਰ ਸੰਸਦ ਨੇ "ਸੁਰ ਮਣੀ" ਦੀ ਉਪਾਧੀ ਦਿਤੀ ਤੇ ਪ੍ਰੋਗਰਾਮਾਂ ਦਾ ਤਾਂਤਾ ਲੱਗ ਗਿਆ। ੧੯੭੫ ਵਿਚ ਪਹਿਲਾ ਐਲ. ਪੀ. ਰਿਕਾਰਡ ਤਿਆਰ ਹੋਇਆ, ੧੯੭੬ ਵਿਚ ਪਹਿਲੇ ਯੂਰਪ ਦਾ ਦੌਰਾ ਹੋਇਆ, ੧੯੭੮ ਵਿਚ ਗੁਰਬਾਣੀ ਦਾ ਐਲ. ਪੀ. ਭਰਿਆ। ਹੁਣ ਤਕ ਸਾਡੇ ਛੇ ਲਾਂਗ ਪਲੇਅ ਰਿਕਾਰਡ ਨੇ, ਤੇ ਦੋ ਕੈਸੇਟ ਰਿਕਾਰਡ ਬਣ ਚੁਕੇ ਨੇ। ਰੇਡੀਓ ਵਿਚ ਸਰਵੋਚ ਗਰੇਡ ਏ, ਤੇ ਲੋਕੀ ਸਿੰਘਾਂ ਨੂੰ ਸ਼ਾਸਤਰੀ ਸੰਗੀਤ ਗਾਂਦਿਆਂ ਵੇਖ ਕੇ ਹੁਣ ਹੈਰਾਨ ਵੀ ਨਹੀਂ ਹੁੰਦੇ।

ਪਰ ਇਕ ਰਾਜ਼ ਤੁਹਾਡੇ ਨਾਲ ਸਾਂਝਾ ਕਰਾਂ? ਦਿਲ ਵਿਚ ਹਾਲੇ ਵੀ ਸਿਵਾਏ ਤਿਸ਼ਨਗੀ ਦੇ ਕੁਝ ਨਹੀਂ। ਰਿਆਜ਼ ਕਰਦਿਆਂ ਅਜੇ ਵੀ ਗਾਣਾ ਸਿੱਖਣਾ ਲਗਦੇ ਤੰਬੂਰੇ ਕੋਲ ਜਾਂਦਿਆਂ ਸੰਗ ਆਉਂਦੀ ਏ। ਲੋਕ ਕਹਿੰਦੇ ਨੇ ਸਾਜ਼ਾਂ ਵਾਲੇ ਗਾਵਲੀਏ ਬਣਦੇ ਨੇ। ਕੰਮ ਵਿਚ ਮਸਤੀ ਹੈ। ਅੱਖਾਂ ਮੀਟ ਲਉ ਤੇ ਦੁਨੀਆਂ ਦੇ ਦੁੱਖ ਵਿਸਰ ਜਾਂਦੇ ਨੇ। ਪਰ ਆਪਣਾ ਤਜਰਬਾ ਇਹ ਨਹੀਂ। ਅੱਖਾਂ ਮੀਟੀਆਂ ਹੋਣ ਜਾਂ ਖੁਲ੍ਹੀਆਂ, ਇਕ ਧੁਖਧੁਖੀ ਮਨ ਨੂੰ ਖਾਂਦੀ ਰਹਿੰਦੀ ਏ, ਗਾਣਾ ਕਦੀ ਆਵੇਗਾ ਵੀ ਜਾਂ ਨਹੀਂ?

ਇਹ ਸਵਾਲ ਅੱਜ ਵੀ ਜਵਾਬ ਦਾ ਮੁਥਾਜ ਏ। ਸਾਡੇ ਕੋਲ ਇਕੋ ਹੀ ਦਾਰੂ ਏ—ਰਿਆਜ਼। ਸੋ ਰੋਜ਼ ਸਵੇਰੇ ਸ਼ਾਮ ਤੰਬੂਰੇ ਦੇ ਹਜ਼ੂਰ ਵਿਚ ਹਾਜ਼ਰ ਹੋ ਜਾਂਦੇ ਹਾਂ, ਤੇ ਉਹਦੀ ਮਿੱਠੀ ਛਾਂ ਵਿਚ 'ਕਹਿਰ ਦਰਵੇਸ਼ ਬਰ ਜਾਨ ਦਰਵੇਸ਼,' ਦੇ ਮੁਤਾਬਿਕ ਹਰ ਸ਼ਰਮਿੰਦਗੀ ਹਰ ਹਾਰ ਦਾ ਬਦਲਾ ਆਪਣੇ ਕੋਲੋਂ ਹੀ ਲੈ ਛੱਡਦੇ ਹਾਂ। ☼

ਬਿਨਾਂ ਮੁਰਸ਼ਦਾਂ ਰਾਹ ਨਾ ਹੱਥ ਆਵੇ
ਦੁੱਧ ਬਾਝ ਨਾ ਰਿਝਦੀ ਖੀਰ ਸਾਈਂ

—ਵਾਰਸ ਸ਼ਾਹ

ਬਿਨ ਗੁਰ ਮੁਕਤਿ ਨਾ ਹੋਵਈ
ਗੁਰਮੁਖ ਅਮ੍ਰਿਤਰ। —ਭਾਈ ਗੁਰਦਾਸ

ਮਲੂਕਾ ਕੋਈ ਪੀਰ ਹੈ ਜੋ ਜਾਣੇ ਪਰ-ਪੀਰ
ਜੋ ਪਰ ਪੀਰ ਨਾ ਜਾਨਈ ਸੋ ਕਾਫਿਰ ਬੇਪੀਰ

—ਸੰਤ ਮਲੂਕ ਦਾਸ

Sri Satguru Jagjit Singh Ji eLibrary NamdhariElibrary@gmail.com

ਰਿਪੋਰਤਾਜ

ਹੋਲਾ ਮਹਲਾ ਸ੍ਰੀ ਭੈਣੀ ਸਾਹਿਬ

—ਜਗਦੀਸ਼ ਸਿੰਘ

ਸ੍ਰੀ ਭੈਣੀ ਹੋਲੇ ਤੇ ਅਸੀਂ ੧੯ ਮਾਰਚ ਸ਼ਾਮ ਤੋਂ ਪਹਿਲਾਂ ਪੁੱਜ ਗਏ। ਅਜੇ ਪੰਜਾਂ ਵਿਚੋਂ ਦੂਸਰਾ ਹੀ ਦਿਨ ਸੀ ਅਤੇ ਆਓ ਭਗਤ ਤੇ ਡੇਰਿਆਂ ਦੇ ਪਰਬੰਧ ਵਿਚ ਲੁਧਿਆਣਾ ਦਾ ਜੱਥਾ ਕਾਰਜਸ਼ੀਲ ਸੀ। ਜਾਂਦਿਆਂ ਹੀ ਪਤਾ ਲਗ ਗਿਆ ਕਿ ਡੇਰਿਆਂ ਦੀ ਸਮੱਸਿਆ ਹੈ। ਸਾਡੇ ਵਾਸਤੇ ਠੀਕ ਡੇਰੇ ਦੀ ਭਾਲ ਪਰਬੰਧਕ ਦਲੀਪ ਸਿੰਘ ਜੀ ਨੇ ਰੱਜ ਬੰਠਾਈ ਕਰਿਆ। ਇਸ ਦੇ ਦੋ ਲਾਭ ਹੋਏ। ਇਕ ਤਾਂ ਬਹੁਤ ਸਾਰੇ ਸੱਜਣਾਂ ਦੀ ਮੁਲਾਕਾਤ ਏਥੇ ਹੀ ਹੋ ਗਈ ਜਿਨ੍ਹਾਂ ਵਿਚੋਂ ਜੂਕੇ ਵਾਲੇ ਸ: ਨਰੰਜਨ ਸਿੰਘ ਗਹੀਰ ਅਤੇ ਉਹਨਾਂ ਦੇ ਘਰੋਂ ਅਤੇ ਸ: ਹਰਚਰਨ ਸਿੰਘ ਰੰਧਾਵਾ ਜੀ ਦੇ ਘਰੋਂ ਸ੍ਰੀਮਤੀ ਜਸਦੇਵ ਕੌਰ ਵੀ ਸ਼ਾਮਲ ਸਨ। ਦੂਸਰੇ ਸ: ਹਰਭਜਨ ਸਿੰਘ ਲੁਧਿਆਣਾ ਦੀ ਅਗਵਾਈ ਵਿਚ ਜਥੇ ਨੇ ਲੰਗਰ ਜਲ ਪਾਣ, ਦੁਧ ਚਾਹ ਤੇ ਬੂੰਦੀ ਅਤੇ ਫਲਾਂ ਦੀ ਨਿਰੰਤਰ ਸਪਲਾਈ ਰਖੀ। ਬਸ ਬਸ ਬਸ ਕਰਵਾ ਦਿਤੀ। ਏਨੇ ਲਗਨ ਅਤੇ ਜੋਸ਼ ਨਾਲ ਸੇਵਾ ਕੀਤੀ ਕਿ ਡੇਰੇ ਦੀ ਸਮੱਸਿਆ ਭੁਲਾ ਦਿਤੀ। ਲਗ ਭਗ ਤਿੰਨ ਘੰਟੇ ਦੀ ਉਡੀਕ ਬਾਅਦ ਇਕ ਕਮਰਾ ਸਾਨੂੰ ਅਤੇ ਫਲਾਹਿਤ ਵਾਲਿਆਂ ਨੂੰ ਅਲਾਟ ਹੋਇਆ। ਪਰ ਇਸ ਕਮਰੇ ਵਿਚ ਜਾਣ ਤੋਂ ਪਹਿਲਾਂ ਹੀ ਫਲਾਹਿਤੀਆਂ ਨੂੰ ਤਾਂ ਵਖਰਾ ਕਮਰਾ ਹੀ ਮਿਲ ਗਿਆ ਅਤੇ ਅਸੀਂ ਸਤਿਜੁਗ ਦੇ ਸੰਪਾਦਕ ਮਹੰਤ ਆਤਮਾ ਸਿੰਘ ਜੀ ਦੇ ਡੇਰੇ ਰਾਹੀਂ ਵਖਰਾ ਕਮਰਾ ਤੇ ਕਾਗਜ਼ ਟੈਂਟ ਵਿਚ ਕਾਮਯਾਬ ਹੋ ਗਏ। ਡੇਰਿਆਂ ਦੇ ਪੁਰਾਣੇ ਪਰਬੰਧਕ ਸੰਤ ਜਗਮੋਹਨ ਸਿੰਘ ਸਕੂਟਰ ਹਾਦਸੇ ਵਿਚ ਜ਼ਖਮੀ ਪਏ ਸਨ ਪਰ ਉਨ੍ਹਾਂ ਬੀਮਾਰੀ ਦੀ ਹਾਲਤ ਵਿਚ ਵੀ ਬਹੁਤ ਸਹਿਯੋਗ ਦਿਤਾ। ਸੰਤ ਦਲੀਪ ਸਿੰਘ ਜੀ ਨੇ ਬਿਸਤਰਿਆਂ ਗੱਦਿਆਂ ਦਾ ਵਧੀਆ ਪਰਬੰਧ ਕਰ ਦਿਤਾ। ਉਸਤਾਦ ਪਿਆਰਾ ਸਿੰਘ ਜੀ ਨੇ ਵੀ ਮਦਦ ਕੀਤੀ ਤੇ ਅਸੀਂ ਡੇਰੇ ਵਿਚ ਸਥਾਪਤ ਹੋ ਗਏ। ਉਸਤਾਦ ਹਰਭਜਨ ਸਿੰਘ ਗੁਰਦੇਵ ਸਿੰਘ ਮਾਨ, ਪ੍ਰੀਤਮ ਸਿੰਘ ਕਵੀ ਪ੍ਰੀਤਮ ਸਿੰਘ ਪੰਛੀ ਆਦਿ ਲੇਖਕ ਕਲਾਕਾਰ ਇਥੇ ਨਾਲ ਹੀ ਡੇਰਾ ਗੁਲਸ਼ਨ ਸਨ।

ਡੇਰਾ ਸੰਭਾਲਣ ਬਾਅਦ ਅਸੀਂ (ਸਰਬਜੀਤ ਜੀ, ਦੇਵਿੰਦਰ ਗਿੱਲ ਅਤੇ ਲੇਖਕ) ਦੀਵਾਨ ਸੁਣਨ ਵਾਸਤੇ ਚਲੇ ਗਏ। ਸਤਿਗੁਰੂ ਪ੍ਰਤਾਪ ਸਿੰਘ ਸਿਮਰਤੀ ਮੰਦਿਰ ਦਾ ਵਿਸ਼ਾਲ ਹਾਲ ਪੂਰਾ ਭਰਿਆ ਹੋਇਆ ਸੀ। ਬਾਬਾ ਛਿੰਦਾ ਸਿੰਘ ਜੀ ਮੁਹਾਣੇ ਵਾਲਿਆਂ ਦਾ ਹੋਲੇ ਦਾ ਦੀਵਾਨ ਲਗਾ ਹੋਇਆ ਸੀ। ਸੰਤ ਛਿੰਦਾ ਸਿੰਘ ਜੀ ਨਾਮਧਾਰੀ ਪੰਥ ਦੀ ਮਸ਼ਹੂਰ ਹਸਤੀ ਸਨ: ਸੰਤ ਕੇਸਰ ਸਿੰਘ ਮੁਹਾਣੇ ਵਾਲਿਆਂ ਦੇ ਪੋਤਰੇ ਹਨ। ਸੰਤ ਕੇਸਰ ਸਿੰਘ ਜੀ ਮੁਹਾਣਾ ਆਪਣੇ ਸਮੇਂ ਦੀ ਬਹੁਤ ਮਸ਼ਹੂਰ ਹਸਤੀ ਸਨ ਜਿਨ੍ਹਾਂ ਦੀ ਪ੍ਰੇਰਨਾ ਨਾਲ ਗਦਰ ਪਾਰਟੀ ਦੇ ਬਾਨੀ ਪਰਧਾਨ ਬਾਬਾ ਸੋਹਣ ਸਿੰਘ ਭਕਨਾ ਨਾਮਧਾਰੀ ਮਤ ਵਲ ਪ੍ਰੇਰਤ ਹੋਏ ਸਨ। ਬਾਬਾ ਛਿੰਦਾ ਸਿੰਘ ਜੀ ਇਕ ਨਿਰਮਾਣ ਸ਼ਖਸੀਅਤ ਹਨ। ਬਾਬਾ ਕੇਸਰ ਦੇ ਡੇਰੇ ਦੇ ਸਰਬੰਧਕ ਹੋਣ ਦੇ ਬਾਵਜੂਦ ਸ੍ਰੀ ਭੈਣੀ ਸਾਹਿਬ ਆ ਕੇ ਲੰਗਰ ਵਿਚ ਭਾਂਡੇ ਫੇਰਨ ਦੀ ਸੇਵਾ ਸਭ ਸ਼ਾਂਤ ਕਰਦੇ ਹਨ ਅਤੇ ਕੀਰਤਨ ਵੀ ਬਹੁਤ ਵੈਰਾਗਮਈ ਕਰਦੇ ਹਨ। ਅਜ ਇਹ ਹੀ ਧਾਰਨਾ ਪਾ ਰਹੇ ਸਨ, 'ਮੈਂ ਏਕ ਨਾ ਜਾਤਾ ਜੀ ਤੇਰੇ ਗੁਣ ਬਹੁਤੇ'। ਬਹੁਤ ਸਾਦੀ ਸ਼ਬਦਾਵਲੀ ਵਿਚ ਡਿੱਗੇ ਹੋਏ ਹਿਰਦੇ ਨਾਲ ਬਾਣੀ ਪੜ੍ਹਦੇ ਅਤੇ ਵਿਆਖਿਆ ਕਰ ਰਹੇ ਸਨ। ਅਨੇਕਾਂ ਪਰਸੰਗ ਉਹਨਾਂ ਗੁਰੂਆਂ ਵਲੋਂ ਕੀਤੇ ਉਪਕਾਰ ਦੇ ਸੁਣਾਏ।

ਇਹਨਾਂ ਤੋਂ ਬਾਅਦ ਸੂਬੇਦਾਰ ਨਿਰੰਜਨ ਸਿੰਘ ਜਦ ਭੀ ਹੋਲੇ ਦੇ ਦੀਵਾਨ ਦੇ ਟਕਸਾਲੀ ਕੀਰਤਨੀਏ ਕਹੇ ਜਾਂਦੇ ਹਨ ਆਪਣੇ ਭਰਪੂਰ ਜੋਸ਼ ਨਾਲ ਅਤੇ ਗੜ੍ਹਕਵੇਂ ਢੋਲਕ ਛੈਣਿਆਂ ਨਾਲ ਕੀਰਤਨ ਕਰਨ ਲਗੇ। ਇਹ ਨਾਮਧਾਰੀ ਦੀਵਾਨਾਂ ਦਾ ਖਾਸਾ ਹੁੰਦਾ ਹੈ। ਸਾਰੀ ਸਾਰੀ ਰਾਤ ਗੁਰੂ ਗੁਣ-ਗਾਣ ਹੁੰਦਾ ਰਹਿੰਦਾ ਹੈ ਛੋਟੇ ਢੋਲਕ ਵਜਾਉਣ ਵਾਸਤੇ ਵਜੰਤਰੀ ਇਕ ਇਕ ਕਰ ਕੇ ਲਗਦੇ ਹਨ। ਰੰਗ ਸਵਾਈ ਕੀਰਤਨ ਹੁੰਦੇ ਹਨ ਅੰਤ ਇਹੋ ਹੀ ਇਹ ਜੋ ਭਾਈ ਗੁਰਦਾਸ ਨੇ ਲਿਖਿਆ ਹੈ! "ਆਏ ਸੰਤ ਪਰਾਹੁਣੇ, ਕੀਰਤਨ ਹੋਆ ਰੈਣਿ ਸਬਾਈ"। ਰਾਤੀਂ ਇਕ ਵਜੇ ਸੂਬਾ ਮੇਵਾ ਸਿੰਘ ਜਗਾਧਰੀ ਵਾਲਿਆਂ ਦੀਵਾਨ ਲਾਉਣਾ ਸੀ ਪਰ ਉਹ ਤਾਂ ਦਸ ਵਜੇ ਦੀ ਦੀਵਾਨ ਸੁਣ ਰਹੇ ਸਨ। ਮੈਂ ਕਿਹਾ ਤੁਸਾਂ ਇਕ ਵਜੇ ਦੀਵਾਨ ਸਜਾਣਾ ਹੈ ਹੁਣ ਆਰਾਮ ਕਰ ਲੈਂਦੇ। ਕਹਿਣ ਲਗੇ "ਇਵੇਂ ਹੀ ਸਾਰੀ ਰਾਤ ਦੀਵਾਨ ਵਿਚ ਹੀ ਲੰਘ ਜਾਣੀ ਹੈ। ਆਰਾਮ ਨਹੀਂ ਸਾਥੋਂ ਹੁੰਦਾ।" ਨਾਮਧਾਰੀਆਂ ਦਾ ਇਹ ਰਾਤਾਂ ਦਾ ਸਤਿਸੰਗੀ ਵਾਤਾਵਰਨ ਵੇਖ ਕੇ ਹੰਗਤਾ ਦੂਰ ਹੁੰਦੀ ਹੈ

ਕਿਤੇ ਕਿਤੇ ਵਿਦਵਾਨ ਇਵੇਂ ਮੰਜੀਆਂ ਤੇ ਬੈਠਿਆਂ ਬੈਠਿਆਂ ਰਾਤ ਕੱਟ ਦਿੰਦੇ ਹਨ। ਸਾਜ਼ਿੰਦੇ ਵਜੰਤਰੀ ਅਤੇ ਸ਼ਬਦ ਗੌਣ ਵਾਲੇ ਉਠਾਂ ਦੇ ਉਂਝ ਸਾਰੀ ਸਾਰੀ ਰਾਤ ਲਗੇ

Sri Satguru Jagjit Singh Ji eLibrary NamdhariElibrary@gmail.com

ਰਹਿੰਦੇ ਹਨ। ਕੋਈ ਲਾਲਚ ਨਹੀਂ ਕੋਈ ਇਹ ਲਿਲ੍ਹ ਵੀ ਨਹੀਂ ਕਿ ਅਸੀਂ ਸਟੇਜ ਤੇ ਨਮਾਇਆ ਦਿਸੀਏ ...।

ਅਸੀਂ ਵਾਪਸ ਪਰਤੇ ਤਾਂ ਸਤਿਗੁਰੂ ਜੀ ਦੇ ਨਿੱਜੀ ਸਕੱਤਰ ਸੰਤ ਤਰਸੇਮ ਸਿੰਘ ਜੀ ਰਹੀ ਰਾਤ ਨੂੰ ਵੀ ਹਾਰ ਇਕ ਯਾਦ ਹੋਣ ਵਾਲੇ ਅਨੰਦ ਕਾਰਜਾਂ ਦੀ ਪੜਤਾਲ ਕਰ ਰਹੇ ਸਨ। ਲੜਕੇ ਲੜਕੀ ਵਾਲਿਆਂ ਦੀ ਪੁਛ ਗਿਛ। ਉਹਨਾਂ ਦੇ ਮਾਤਾ ਪਿਤਾ ਕੋਲੋਂ ਪੁਛਤਾਛ ਕਿ ਕਿਤੇ ਤੁਸੀਂ ਕੋਈ ਸਗਨ ਸੁਆਰਥ ਤਾਂ ਨਹੀਂ ਕੀਤਾ, ਕੋਈ ਮਰਯਾਦਾ ਵਿਚ ਤਰੁਟੀ ਤਾਂ ਨਹੀਂ। ਲੜਕੇ ਲੜਕੀ ਨੇ ਭਜਨ ਪੁੜਿਆ ਹੈ ਕਿ ਨਹੀਂ। ਉਹਨਾਂ ਨੂੰ ਅਰਦਾਸ ਕਰਨੀ ਆਉਂਦੀ ਹੈ ਕਿ ਨਹੀਂ। ਕਿਤੇ ਉਹਨਾਂ ਵਿਚੋਂ ਕਿਸੇ ਪ੍ਰਕਾਰ ਦੀ ਰੋਮਾਂ ਜਾਂ ਕੇਸਾਂ ਦੀ ਬੇਅਦਬੀ ਤਾਂ ਨਹੀਂ ਕਰਦਾ। ਮਾਪਿਆਂ ਨੇ ਕੋਈ ਦੇਣ ਲੈਣ ਤਾਂ ਨਹੀਂ ਕੀਤਾ। ਇਹ ਸਾਰਾ ਕੰਮ ਬਹੁਤ ਸਿਰ ਖਪਾਈ ਦਾ ਹੈ ਅਤੇ ਵਕਤ ਮੰਗਦਾ ਹੈ। ਬੇ-ਸੁਆਦਾ ਵੀ ਹੈ ਪਰ ਕਰਨਾ ਤਾਂ ਹੋਇਆ ਹੀ। ਸੰਤ ਤਰਸੇਮ ਸਿੰਘ ਜੀ ਨਿੱਜੀ ਸਕੱਤਰ ਦੇ ਨਾਲ ਨਾਲ ਇਹ ਵੀ ਕਾਰਜ ਭੁਗਤਾਉਂਦੇ ਨੇ ਕੁਲ ਵੱਖਰੇ ਤੇ ਕੰਮਕਰ ਭਰਪੂਰ ਰਹਿੰਦੇ ਨੇ। ਸੰਤ ਤਰਸੇਮ ਸਿੰਘ ਜੀ ਦੇ ਸਹਾਇਕ ਸੰਤ ਦਿਆਲ ਸਿੰਘ ਦਰਵਾਜ਼ਾ ਉਹਨਾਂ ਦੀ ਭਰਪੂਰ ਸਹਾਇਤਾ ਕਰਦੇ ਨੇ। ਸੰਤ ਦਿਆਲ ਸਿੰਘ ਵਿਚ ਦਿਨ ਰਾਤ ਕੰਮ ਕਰਨ ਦੀ ਭਰਪੂਰ ਸ਼ਕਤੀ ਹੈ। ਅਕਾਵਟ ਥਕਾਵਟ ਨੂੰ ਲਾਗੇ ਨਹੀਂ ਫਟਕਣ ਦੇਂਦੇ।

ਪਹਿਲੇ ਦੋ ਦਿਨ

ਸੰਤ ਆਤਮਾ ਸਿੰਘ ਜੀ ਨੇ ਦਸਿਆ ਕਿ ੧੫ ਅਤੇ ੧੬ ਤਾਰੀਖ ਦੋਨਾਂ ਦਿਨ ਅੰਮ੍ਰਿਤ ਵੇਲੇ ਹੀ ਆਸਾ ਦੀ ਵਾਰ ਦੇ ਕੀਰਤਨ ਨਾਲ ਦਿਨ ਸ਼ੁਰੂ ਹੋਂਦਾ। ਬਾਅਦ ਦੁਪਹਿਰ ਦੋ ਤੋਂ ਤਿੰਨ ਵਜੇ ਤਕ ਹਜ਼ੂਰੀ ਨਿਤਨੇਮ ਹੁੰਦਾ ਅਤੇ ਤਿੰਨ ਤੋਂ ਚਾਰ ਤਕ ਹਜ਼ੂਰੀ ਰਾਗੀਆਂ ਦਾ ਕੀਰਤਨ ਹੁੰਦਾ। ਪਰ ਸਾਰਾ ਦਿਨ ਅਤੇ ਰਾਤ ਹੱਲੇ ਦੇ ਦੀਵਾਨ ਲਗੇ ਰਹਿੰਦੇ। ਇਹਨਾਂ ਵਿਚ ਜਿਨ੍ਹਾਂ ਜਥੇਦਾਰਾਂ ਨੇ ਦੀਵਾਨ ਲਾਏ ਉਹ ਇਸ ਪ੍ਰਕਾਰ ਹਨ।

੧੫-੩-੮੭ ਸਵੇਰੇ ਸਰਬ ਜਥੇਦਾਰ ਨਿਰਮਲ ਸਿੰਘ ਅੰਮ੍ਰਿਤਸਰ, ਸੰਤੋਖ ਸਿੰਘ ਦਰਿਆਪੁਰ, ਅਮਰ ਸਿੰਘ ਹਵਾਲੀਅਰ, ਇੰਦਰ ਸਿੰਘ ਗਿਲ ਖੜਤਾਲਾਂ ਵਾਲੇ।

ਰਾਤ :—ਮੋਹਨ ਸਿੰਘ ਜਵਾਲੀਅਰ, ਗੁਰਬਚਨ ਸਿੰਘ ਪਿੰਡੜ, ਗਿਆਨ ਸਿੰਘ ਜੀ ਵੀਰੇਂਕੇ।

੧੬-੩-੮੭ :—ਸਵੇਰੇ ਸਰਬ ਜਥੇਦਾਰ, ਹਜਾਰਾ ਸਿੰਘ ਲਖਨਊ, ਸੰਤਾ ਸਿੰਘ ਪੰਡੋਰੀ, ਸੰਧਾ ਸਿੰਘ ਵਰਨ, ਸੁਰਜੀਤ ਸਿੰਘ ਮੁਸਤਾਪੁਰ ਅਤੇ ਪੰਡਿਤ ਗੋਪਾਲ ਸਿੰਘ ਜੀ।

ਰਾਤ :—ਬਲਵਾਰ ਸਿੰਘ ਸਰਪੰਚ ਸ੍ਰੀ ਭੈਣੀ ਸਾਹਿਬ, ਬਾਬਾ ਛਿੰਦਾ ਸਿੰਘ ਜੀ, ਜਃ ਨਰੰਜਨ ਸਿੰਘ ਭੱਕਰ ਅ
ਸੂਬਾ ਸੇਵਾ ਸਿੰਘ ਜਗਾਧਰੀ।

ਮਹੰਤ ਸਨਪਤਰਾ ਜੀ ਨੇ ਇਹ ਵੀ ਦਸਿਆ ਕਿ ਸਤਿਗੁਰੂ ਜੀ ਨੇ ਹੁਕਮ ਕੀਤਾ ਹੈ ਕਿ ਹਰ ਵਿਅਕਤੀ ਮੇਲੇ ਦੇ ਦਿਨਾਂ ਵਿਚ ਘਾਈ ਮਾਲਾ ਭਜਨ ਦੀਆਂ ਪੱਕੀਆਂ ਅਤੇ ਇ ਮਾਲਾ ਭਗਉਤੀ ਦੀ ਜ਼ਰੂਰ ਕਰੇ ਅਤੇ ਸਤਿਗੁਰਾਂ ਦੇ ਚਰ ਵਿਚ ਸੁਖ ਸ਼ਾਂਤੀ ਅਤੇ ਦਰਸ਼ਨਾਂ ਦੀ ਅਰਦਾਸ ਕਰੇ।

ਤੀਸਰਾ ਦਿਨ

ਸਤਾਰਾਂ ਮਾਰਚ ਸਵੇਰੇ ਤਿੰਨ ਵਜੇ ਤੋਂ ਹੀ ਆ ਦੁਆਲੇ ਖ਼ਲਾਰ ਅਤੇ ਹਹਿਲ ਪਹਿਲ ਸ਼ੁਰੂ ਹੋ ਗਈ ਸ ਲੋਕ ਇਸ਼ਨਾਨ ਪਾਣੀ ਦੇ ਆਹਰ ਵਿਚ ਲਗੇ ਹੋਏ ਸ ਅਸੀਂ ਉਠੇ ਤਾਂ ਵੱਡੀ ਸਮਸਿਆ ਸਾਹਮਣੇ ਸੀ। ਟੂਟੀ ਵਿ ਪਾਣੀ ਦੀ ਇਕ ਬੂੰਦ ਵੀ ਨਹੀਂ ਸੀ। ਭੈਣੀ ਸਾਹਿਬ ਸਿੰ ਇਸ਼ਨਾਨ ਉਤੇ ਬਹੁਤ ਜ਼ੋਰ ਦਿਤਾ ਜਾਂਦਾ ਹੈ ਉਸ ਦੀਆਂ ਟੂਟੀਆਂ ਸੁਕੀਆਂ ਸਨ। ਅਸਲ ਵਿਚ ਇਹ ਇਕ ਪਾਸੇ ਦੀ ਹੀ ਸਮਸਿਆ ਸੀ ਬਾਕੀ ਪਾਸੇ ਪਾਣੀ ਆ ਰਿਹਾ ਸੀ। ਸ਼ਾਇਦ ਇਹ ਲੇਖਕਾਂ ਪੱਤਰਕਾਰਾਂ ਦੀ ਕੋਮਲਤਾ ਤੇ ਵਿਅੰਗ ਸੀ। ਅਜ ਕਲ੍ਹ ਸ੍ਰੀ ਭੈਣੀ ਸਾਹਿਬ ਵਿਚ ਕਮਰਿਆਂ ਦੇ ਨਾਲ ਨਲ ਟੱਟੀਆਂ ਅਤੇ ਗੁਸਲਖਾਨੇ ਬਣ ਗਏ ਹਨ ਅਤੇ ਯਾਤਰੀਆਂ ਦਾ ਰਹਿਣ ਢੰਗ ਵੀ ਉਹੋ ਜਿਹਾ ਹੋ ਗਿਆ ਹੈ। ਕਿਸੇ ਸਮੇਂ ਵਿਚ ਤੰਬੂਆਂ ਵਿਚ ਹੀ ਡੇਰਾ ਹੁੰਦਾ ਸੀ। ਸਿੰਘ ਗੜਵੇ ਲੈ ਕੇ ਦੂਰ ਬਾਹਰ ਖੇਤਾਂ ਨੂੰ ਨਿਕਲ ਜਾਂਦੇ ਸੀ ਅਤੇ ਕਿਸੇ ਖੂਹ ਜਾਂ ਟਿਊਬਵੈੱਲ ਦੇ ਤਾਜ਼ਾ ਪਾਣੀ ਨਾਲ ਇਸ਼ਨਾਨ ਕਰਦੇ ਸੀ। ਹੁਣ ਤਾਂ ਟੂਟੀ ਦੇ ਰਹਿਮ ਕਰਮ ਤੇ ਹੀ ਹੋਈਦਾ ਹੈ। ਆਰਾਮ ਸੁਵਿਧਾ ਜ਼ਿਆਦਾ ਹੋ ਗਈ ਹੈ ਇਸ ਵਾਸਤੇ ਆਲਸ ਪ੍ਰਸਤੀ ਜ਼ਿਆਦਾ ਹੋ ਗਈ ਹੈ। ਪਰ ਬਲਿਓਂ ਹੀਸਰੇਂ ਮੰਜ਼ਲ ਤੇ ਪਾਣੀ ਚਾੜ੍ਹ ਚਾੜ੍ਹ ਕੇ ਇਸ ਬੁਧੀਜੀਵੀ ਵਰਗ ਨੇ ਇਸ਼ਨਾਨ ਕੀਤਾ ਅਤੇ ਆਸਾ ਦੀ ਵਾਰ ਦਾ ਬਹੁਤ ਸਾਰਾ ਕੀਮਤੀ ਸਮਾਂ ਇਸ ਇਸ਼ਨਾਨ ਕਾਰਜ ਦੇ ਆਲਸ ਦੀ ਭੇਟ ਚੜ੍ਹਾਇਆ।

ਆਸਾ ਦੀ ਵਾਰ

ਆਸਾ ਦੀ ਵਾਰ ਦਾ ਨਜ਼ਾਰਾ ਇਹਨਾਂ ਕਾਲਮਾਂ ਵਿਚ ਬੜੀ ਵਾਰ ਬਿਆਨ ਕੀਤਾ ਹੈ ਪਰ ਇਹ ਚੜ੍ਹਦੀ ਸਵੇਰ ਵਾਂਗ ਨਿਤ ਨਵਾਂ ਅਤੇ ਨਿਤ ਅਨੰਦਮਈ ਹੁੰਦਾ ਹੈ। ਸਿਮ੍ਰਤੀ ਮੰਦਿਰ ਦੇ ਇਕ ਪਾਸੇ ਬਣੀ ਉਚੀ ਸਟੇਜ ਦੇ ਦਰਮਿਆਨ ਵਿਚ ਸਤਿਗੁਰੂ ਜਗਜੀਤ ਸਿੰਘ ਆਪਣੇ ਆਸਨ ਤੇ ਸ਼ੋਭਾਇਮਾਨ ਸਨ। ਖੱਬੇ ਮੋਢੇ ਤੇ ਦਿਲਰੁਬਾ ਸਾਜ਼ ਟਿਕਿਆ ਸੀ। ਸੱਜੇ ਹੱਥ ਵਿਚ ਕਮਾਨ ਵਰਗਾ ਗਜ਼ ਸੀ ਜੋ ਸਾਜ਼ ਦੀਆਂ ਤਾਰਾਂ ਤੇ ਫੇਰਨ ਨਾਲ ਸੰਗੀਤ ਤਰੰਗਾਂ ਛੇੜਦਾ ਸੀ। ਸਾਹਮਣੇ ਮਾਈਕ ਪਿਆ ਸੀ ਜਿਸ ਰਾਹੀਂ ਸਤਿਗੁਰੂ ਜੀ ਦੇ ਮਧੁਰ ਗਲੇ ਵਿਚੋਂ ਉਭਰੀ

Sri Satguru Jagjit Singh Ji eLibrary NamdhariElibrary@gmail.com

ਗੁਰਬਾਣੀ ਦਾ ਸੰਚਾਰ ਹੋ ਰਿਹਾ ਸੀ। ਸਤਿਗੁਰੂ ਜੀ ਰਾਗੀਆਂ ਦੇ ਸਨਮੁਖ ਹੋਣ ਵਾਸਤੇ ਉਹਨਾਂ ਵਲ ਮੂੰਹ ਕਰਕੇ ਬੈਠੇ ਸਨ ਭਾਵ ਸੰਗਤਾਂ ਵਲ ਉਹਨਾਂ ਦਾ ਸੱਜਾ ਪਾਸਾ ਸੀ। ਰਾਗੀਆਂ ਦਾ ਅਰਧ ਚੰਨ ਵਰਗਾ ਘੇਰਾ ਬਣਿਆ ਹੋਇਆ ਸੀ। ਦਿਲ-ਰੁਬਾ ਸਾਜ਼ ਨਾਲ ਸੰਗੀਤ ਲਹਿਰਾਂ ਸੰਚਾਰਤ ਕਰ ਰਹੇ ਸਨ ਭਾਰਤ ਦੇ ਪ੍ਰਸਿਧ ਸੰਗੀਤਕਾਰ ਉਸਤਾਦ ਪਿਆਰਾ ਸਿੰਘ ਜੀ, ਉਹਨਾਂ ਦੇ ਨਾਲ ਗਾਇਕ ਵਾਦਿਕ ਬਲਜੀਤ ਸਿੰਘ ਸਾਜ਼ ਸਹਿਤ ਸੀ। ਉਸਤਾਦ ਹਰਭਜਨ ਸਿੰਘ (ਸਿਤਾਰ) ਹਰਦੇਵ ਸਿੰਘ (ਸਰੋਦ) ਹਰਬੰਸ ਸਿੰਘ ਘੁਲਾ, ਸੰਤ ਬਚਨ ਸਿੰਘ (ਤਬਲਾ) ਸੁਖਵਿੰਦਰ ਸਿੰਘ (ਤਬਲਾ), ਗੁਰਮੀਤ ਸਿੰਘ (ਸਾਰੰਗੀ) ਭਰਵੇਂ ਹੱਥਾਂ ਵਾਲਾ ਕਲਾਕਾਰ ਜੋਤ ਸਿੰਘ (ਤਬਲਾ) ਪੰ: ਹਰੀ ਪ੍ਰਸਾਦਿ ਚੌਰਸੀਆ ਦਾ ਸ਼ਾਗਿਰਦ ਬੰਸਰੀ ਵਾਦਕ ਸਤਿਪਾਲ ਸਿੰਘ, ਸ਼ਾਸਤਰੀ ਗਾਇਨ ਵਿਚ ਪ੍ਰਸਿਧੀ ਵਲ ਤੇਜ਼ੀ ਨਾਲ ਵਧ ਰਹੇ ਨਾਮ ਮੋਹਨ ਸਿੰਘ ਸੁਖਦੇਵ ਸਿੰਘ ਇਹਨਾਂ ਉਸਤਾਦਾਂ ਅਤੇ ਸ਼ਾਗਿਰਦਾਂ ਦੀ ਮੰਡਲੀ ਨਾਲ ਇਕ ਹੋਰ ਵਰਗ ਵੀ ਆਪਣੀ ਵਖਰੀ ਪਹਿਚਾਣ ਕਰਵਾ ਰਿਹਾ ਸੀ। ਇਹ ਸੀ ਅਸਲੋਂ ਹੀ ਨਿੱਕੀ ਪਨੀਰੀ। ਛੋਟੇ ਛੋਟੇ ਬੱਚੇ ਆਪਣਾ ਵਖਰਾ ਸਥਾਨ ਗ੍ਰਹਿਣ ਕਰਕੇ ਬੈਠੇ ਸਨ। ਬਾਕੀ ਰਾਗੀ ਮੰਡਲ ਜੋ ਮਧ ਸਪਤਕ ਵਿਚ ਗਾਉਂਦੇ ਸਨ ਬੱਚੇ ਤਾਰ ਸਪਤਕ ਵਿਚ ਹੋਰ ਲਾਗੇ ਟੀਪ ਸੁਰਾਂ ਤੇ ਨਾਲ ਗਾਉਂਦੇ ਸਨ ਜਿਵੇਂ ਕੋਈ ਵੀ ਕਸਰ ਨਹੀਂ ਛਡਣਾ ਚਾਹੁੰਦੇ ਸਨ। ਆਸਾ ਦੀ ਵਾਰ ਵਿਚ ਛੱਕਿਆਂ ਸਲੋਕਾਂ ਬਾਦ ਪਉੜੀ ਇਹ ਬੱਚੇ ਹੀ ਉਚਾਰਦੇ ਸਨ। ਤਿਖੀ ਸਪਸ਼ਟ ਸੁਰ ਵਿਚ ਇਹ ਪਉੜੀ ਦੀਆਂ ਲਗਾਂ ਮਾਤਰਾਵਾਂ ਨੂੰ ਨਿਖੇੜ ਨਿਖੇੜ ਕੇ ਉਚਾਰਦੇ। ਨਾਮਧਾਰੀ ਸੰਗਤਾਂ ਦੀਆਂ ਦੋ ਕਤਾਰਾਂ ਕੋਈ ਫਰਲਾਂਗ ਭਰ ਲੰਮੀਆਂ ਨਿਰੰਤਰ ਦੋਹਾਂ ਪਾਸਿਆਂ ਤੋਂ ਆ ਕੇ ਸਤਿਗੁਰੂ ਜੀ ਨੂੰ ਭੇਟਾ ਧਰ ਧਰ ਕੇ ਨਮਸਕਾਰ ਕਰ ਕੇ ਸੰਗਤ ਵਿਚ ਲੀਨ ਹੁੰਦੀਆਂ ਜਾ ਰਹੀਆਂ ਸਨ। ਇਕ ਪਾਸਿਓਂ ਸਿੰਘਾਂ ਪੁਰਸ਼ਾਂ ਦੀ ਕਤਾਰ ਸੀ ਅਤੇ ਦੂਸਰੇ ਪਾਸਿਓਂ ਮਾਈਆਂ ਦੀ ਕਤਾਰ ਸੀ। ਸਤਿਗੁਰੂ ਜੀ ਦੇ ਖਬੇ ਪਾਸੇ ਨਾਲ ਮਹਾਰਾਜ ਬੀਰ ਸਿੰਘ ਜੀ ਸੁਸ਼ੋਭਤ ਸਨ ਜੋ ਕੀਰਤਨ ਵਿਚ ਸਤਿਗੁਰੂ ਜੀ ਦੇ ਸਹਾਇਕ ਸਨ। ਰਾਗੀਆਂ ਤੋਂ ਦੂਸਰੇ ਪਾਸੇ ਸਤਿਗੁਰੂ ਜੀ ਦੇ ਪਿਛਲੇ ਪਾਸੇ ਸੰਤ ਤਰਸੇਮ ਸਿੰਘ ਨਿਜੀ ਸਕੱਤਰ, ਸ. ਹਰਭਜਨ ਸਿੰਘ ਔਰੰਗਾਬਾਦ, ਇਸ ਮੇਲੇ ਦੇ ਮੇਜ਼ਬਾਨ ਸ: ਹਰਵਿੰਦਰ ਸਿੰਘ ਹੰਸਪਾਲ ਐਮ. ਪੀ., ਪੰਡਿਤ ਗੋਪਾਲ ਸਿੰਘ ਜੀ, ਮਾਸਟਰ ਨਿਹਾਲ ਸਿੰਘ ਜੀ ਪੰਥ ਰਤਨ, ਸ: ਸੇਵਾ ਸਿੰਘ ਜੀ ਹੰਬੂਆਂ ਵਾਲੇ, ਸ: ਬਲਵੰਤ ਸਿੰਘ ਬਾਲੀ ਨਗਰ ਦਿਲੀ ਅਤੇ ਬਹੁਤ ਸਾਰੇ ਹੋਰ ਸੰਤ ਮਹੰਤ ਅਤੇ ਵਿਸ਼ੇਸ਼ ਵਿਅਕਤੀ ਬੈਠੇ ਸਨ। ਸਟੇਜ ਦੇ ਸਾਹਮਣੇ ਸਾਡੇ ਨਾਲ ਹੀ ਵਿਸ਼ੇਸ਼ ਪ੍ਰਾਹੁਣੇ ਸਨ ਕਈ ਦੂਸਰੇ ਦੇਸ਼ਾਂ ਦੇ ਮਹਾਤਮਾ ਜਨ ਬੈਠੇ ਸਨ। ਇਸ ਦੇ ਨਾਲ ਹੀ ਵਲੈਤ ਤੋਂ ਆਏ ਸਜਨ ਸ: ਪ੍ਰੀਤਮ ਸਿੰਘ ਮਠਾੜੂ, ਸ: ਗੁਰਮੁਖ ਸਿੰਘ, ਸ: ਨਰੰਜਨ ਸਿੰਘ ਰੰਗੀਰ ਸਨ। ਸ: ਮਹਿੰਦਰ ਸਿੰਘ ਕੰਮਰਾ ਫੁਲਵੜੀ ਤੋਂ। ਸ੍ਰੀ ਪ੍ਰੀਤਮ ਸਿੰਘ ਕਵੀ, ਮਹੰਤ ਸਰਬਤਰਾ ਜੀ, ਸ੍ਰੀ ਜੋਗਿੰਦਰ ਗਿਲ, ਸ: ਨਰਿੰਦਰ ਸਿੰਘ ਸੰਪਾਦਕ ਯੁਗ ਮਰਿਆਦਾ ਆਦਿ ਹੋਰ ਵਿਅਕਤੀ ਵੀ ਸਨ।

ਪਿਛਲੇ ਪਾਸੇ ਇਕ ਰਾਖਵੇਂ ਥਾਂ ਤੇ ਬਹੁਤ ਹੀ ਵਿਸ਼ੇਸ਼ ਮੰਡਲੀ ਬੈਠੀ ਸੀ। ਸਮੂਹ ਜਥੇਦਾਰ ਸਾਹਿਬਾਨ ਜਿਨ੍ਹਾਂ ਦੀਵਾਨ ਲਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਕਰਨਾ ਸੀ ਸਮੇਤ ਸੂਬੇ ਸਾਹਿਬਾਨ ਸੁਸ਼ੋਭਿਤ ਸਨ।

ਆਸਾ ਦੀ ਵਾਰ ਦਾ ਕੀਰਤਨ ਇਕ ਅਨੁਪਮ ਅਕੱਥ ਅਤੇ ਅਗਾਮੀ ਅਨੰਦ ਦੀਆਂ ਸਿਖਰਾਂ ਛੋਹੰਦਾ ਸਮਾਪਤ ਹੋਇਆ ਹੁਣ ਬਾਹਰ ਸੂਰਜ ਦੇਵਤਾ ਦੇ ਚੜ੍ਹਣ ਦੇ ਆਸਾਰ ਦਿਖਾਈ ਦੇ ਰਹੇ ਸਨ ਅਤੇ ਅੰਦਰ ਬਸੰਤ ਰਾਗ ਦਾ ਗਾਇਣ ਸ਼ੁਰੂ ਹੋ ਗਿਆ। ਸਤਿਗੁਰੂ ਜੀ ਨੇ ਬਸੰਤ ਦੀਆਂ ਮਨਮੋਹਕ ਸੁਰਾਂ ਵਿਚ ਗੁਰੂ ਨਾਨਕ ਦੇਵ ਜੀ ਦਾ ਸ਼ਬਦ ਉਚਾਰਿਆ।

"ਮੇਰੇ ਸਾਹਿਬਾ ਹਉ ਆਪੇ ਭਰਮਿ ਭੁਲਾਣੀ"
ਅਖਰ ਲਿਖੇ ਸੇਈ ਗਾਵਾ, ਅਵਰ ਨ ਜਾਣਾ ਬਾਣੀ...

ਗੁਰੂ ਨਾਨਕ ਦੇਵ ਜੀ ਦੀ ਅਲੌਕਿਕ ਸ਼ਬਦਾਵਲੀ ਉਤੇ ਸੁਰਾਂ ਅਤੇ ਤਾਲਾਂ ਦੀ ਵਰਖਾ ਹੋ ਰਹੀ ਸੀ ਅਤੇ ਮਨਾਂ ਵਿਚੋਂ ਸਮਾਧੀਆਂ ਦੇ ਰੰਗ ਫੁਟ ਫੁਟ ਕੇ ਪਰਗਟ ਹੋ ਰਹੇ ਸਨ।

ਇਸ ਉਪਰੰਤ ਮਹੰਤ ਆਤਮਾ ਸਿੰਘ ਸਰਬਤਰਾ ਜੀ ਨੇ ਅਜ ਦੇ ਦਿਨ ਦੇ ਪ੍ਰੋਗਰਾਮ ਐਲਾਨੇ। ਅਜ ਸਤਿਗੁਰੂ ਹਰੀ ਸਿੰਘ ਜੀ ਦਾ ਪ੍ਰਕਾਸ਼ ਦਿਵਸ ਸੀ। ਉਹਨਾਂ ਦੇ ਜੀਵਨ ਅਤੇ ਵਿਚਾਰਾਂ ਉਪਰ ਦੀਵਾਨ ਸਜਣੇ ਸਨ। ਜਿਨ੍ਹਾਂ ਜਥੇਦਾਰਾਂ ਨੇ ਅਜ ਦੀਵਾਨ ਲਾਉਣ ਦੀ ਕਿਰਪਾ ਕਰਨੀ ਸੀ ਉਹਨਾਂ ਦੇ ਨਾਮ ਸਨ।

ਜ: ਹਜ਼ਾਰਾ ਸਿੰਘ ਲਖਨਊ, ਜਥੇਦਾਰ ਸੇਵਾ ਸਿੰਘ ਮਲੌਧ ਵਾਲੇ ਦਿਲੀ, ਜ: ਅਮਰ ਸਿੰਘ ਨੇਕੋਂਡਾ ਵਾਲੇ ਅਤੇ ਅੰਤ ਤੇ ਪ੍ਰਸਿਧ ਵਿਦਵਾਨ ਪੰਡਿਤ ਗੋਪਾਲ ਸਿੰਘ ਜੀ।

ਬੋਹੜਾਂ ਥਲੇ ਕਤਾਰਾਂ

ਦੀਵਾਨ ਦੀ ਸਮਾਪਤੀ ਬਾਦ ਬਾਹਰ ਬੋਹੜਾਂ ਵਾਲੇ ਮੈਦਾਨ ਵਿਚ ਸਮੁੱਚੀ ਸਾਧ ਸੰਗਤ ਦੀਆਂ ਲੰਮੀਆਂ ਲੰਮੀਆਂ ਕਤਾਰਾਂ ਲਗੀਆਂ ਹੋਈਆਂ ਸਨ। ਸਾਰੀ ਸੰਗਤ ਦੀ ਅੱਜ ਦੇਸੀ ਘਿਓ ਨਾਲ ਤਿਆਰ ਕੀਤੇ ਵੱਡੇ ਵੱਡੇ ਲੱਡੂਆਂ ਨਾਲ ਸੇਵਾ ਕੀਤੀ ਗਈ। ਕੁਝ ਪੰਗਤਾਂ ਵਿਚ ਸਤਿਗੁਰੂ ਜੀ ਨੇ ਆਪਣੇ ਹੱਥੀਂ ਲੱਡੂ ਪ੍ਰਸ਼ਾਦ ਵੰਡਿਆ। ਇਕੋ ਲੱਡੂ ਵਿਚ ਸਾਡਾ ਇਕ ਦਿਨ

Sri Satguru Jagjit Singh Ji eLibrary NamdhariElibrary@gmail.com

ਛੁੰਘਾਉਣ ਦੀ ਸਮਰਥਾ ਸੀ। ਪਤਾ ਲਗਾ ਕਿ ਇਸ ਤੋਂ ਪਹਿਲੋਂ ਇਨ ਖੁੰਦੀ ਦੇ ਖੁਲੇ ਗੱਫੇ ਵਰਤਾਏ ਗਏ ਸਨ।

ਅੱਜ ਦੀਵਾਨ ਅਸਥਾਨ ਵਿਚ ਜਾ ਕੇ ਹੌਲੇ ਦੇ ਦੀਵਾਨ ਸੁਣਨ ਦੀ ਰੀਝ ਪੂਰੀ ਨਾ ਹੋ ਸਕੀ। ਹੋਰ ਜਥੇਬੰਦਕ ਕਾਰਜਾਂ ਵਿਚ ਸਮਾਂ ਲੰਘਿਆ। ਹੰਸਪਾਲ ਜੀ ਨਾਲ ਸਮਰਾਲੇ ਵਿਚ ਸ: ਅਮਰਜੀਤ ਸਿੰਘ ਐਮ.ਐਲ.ਏ. ਦੇ ਘਰ ਗਏ। ਅਮਰਜੀਤ ਸਿੰਘ ਜੀ ਦਾ ਦੋ ਦਿਨ ਪਹਿਲਾਂ 'ਅਤਿਵਾਦੀਆਂ' ਹਥੋਂ ਕਤਲ ਹੋਇਆ ਸੀ। ਉਹ ਅਕਾਲੀ ਐਮ. ਐਲ. ਏ. ਸਨ। ਘਰ ਵਾਲਿਆਂ ਅਤੇ ਇਲਾਕੇ ਨਿਵਾਸੀਆਂ ਨਾਲ ਹੰਸਪਾਲ ਜੀ ਨੇ ਹਮਦਰਦੀ ਪ੍ਰਗਟ ਕੀਤੀ ਅਤੇ ਸਵਰਗੀ ਦੀਆਂ ਘਾਲਨਾਵਾਂ ਨੂੰ ਯਾਦ ਕੀਤਾ। ਇਲਾਕੇ ਦੇ ਅਕਾਲੀ ਜਥੇਦਾਰਾਂ ਤੋਂ ਇਲਾਵਾ ਇਥੋਂ ਦੇ ਪ੍ਰਸਿੱਧ ਨਾਮਧਾਰੀ ਸ: ਫਤਹਿ ਸਿੰਘ ਆਤਸ਼ੀ, ਵੀ ਆ ਗਏ ਸਨ। ਸ: ਸੁਲੱਖਣ ਸਿੰਘ ਮੈਂਬਰ ਮੈਟਰੋਪਾਲੀਟਨ ਕੌਂਸਲ ਦਿੱਲੀ ਵੀ ਸੜਕ ਤੋਂ ਜਾਂਦੇ ਅੰਦਰ ਆ ਗਏ ਸਨ। ਵਾਪਸੀ ਤੇ ਸਤਿਗੁਰੂ ਜੀ ਦੇ ਹਜ਼ੂਰ ਬਾਗ ਵਾਲੀ ਕੋਠੀ ਵਿਚ ਕੁਝ ਸਮਾ ਬੀਤਾਇਆ। ਇਸ ਸਮੇਂ ਸਤਿਗੁਰੂ ਜੀ ਸਾਧ ਸੰਗਤ ਦੀਆਂ ਅਰਜ਼ਾਂ ਸੁਣ ਰਹੇ ਸਨ। ਆਪ ੨ ਵਜੇ ਨਿਤਨੇਮ ਵਿਚ ਚਲੇ ਗਏ।

ਹਜ਼ੂਰੀ ਦੀਵਾਨ

ਨਾਮ ਸਿਮਰਨ ਦੀ ਅਰਦਾਸ ਦੇ ਨਾਲ ਹੀ ਸੰਗਤਾਂ ਦਾ ਠਾਠਾਂ ਮਾਰਦਾ ਸਮੁੰਦਰ ਲਹਿਰਾਂ ਦੇ ਰੂਪ ਵਿਚ ਸਤਿਗੁਰ ਦਰਸ਼ਨ ਪਰਸਨ ਲਈ ਉਮਡ ਪਿਆ ਸੀ। ਪਰ ਇਕ ਘੰਟੇ ਦੇ ਨਾਮ ਸਿਮਰਨ ਵਿਚ ਇਕੋ ਇਕ ਆਵਾਜ਼ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਟੇਪ ਭਾਸ਼ਨ ਦੀ ਆ ਰਹੀ ਸੀ। ਇਹ ਪਵਿਤਰ ਉਪਦੇਸ਼ ਮਨ ਦੀ ਮਲੀਨਤਾ ਨੂੰ ਧੋ ਧੋ ਕੇ ਪਾਵਨ ਕਰੀ ਜਾ ਰਹੇ ਸਨ। ਸੁਧ ਹਿਰਦਿਆਂ ਵਿਚ ਨਾਮ ਦਾ ਪਰਵੇਸ਼, ਮਹਾਨ ਪ੍ਰਾਪਤੀ ਸੀ। ਨਾਮ ਸਿਮਰਨ ਦੀ ਅਰਦਾਸ ਬਾਅਦ ਰਾਗੀਆਂ ਦਾ ਕੀਰਤਨ ਸ਼ੁਰੂ ਹੋਇਆ। ਸਤਿਗੁਰੂ ਜੀ ਦੇ ਦੁਆਲੇ ਕਲਾਕਾਰ ਅਪਣੇ ਅਪਣੇ ਸਾਜ਼ ਲੈ ਕੇ ਇੰਜ ਸ਼ੋਭਤ ਹੋ ਗਏ ਜਿਵੇਂ ਚੰਨ ਦੇ ਦੁਆਲੇ ਚਾਨਣ ਹੁੰਦਾ ਹੈ। ਸਤਿਗੁਰੂ ਜੀ ਨੇ ਖੰਡਨਾ ਉਚਾਰਨ ਬਾਅਦ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਚੋਂ ਉਚਾਰਨ ਕੀਤਾ :

ਮਾਘ ਬਤੀਤ ਭਏ ਰੁਤ ਫਾਗਣ
ਆਇ ਗਈ ਸਭ ਖੇਲਤ ਹੋਰੀ।

ਪੀਲੂ ਦੀਆਂ ਸੁਰਾਂ ਵਿਚ ਇਸ ਬੰਦਸ਼ ਨੂੰ ਸਤਿਗੁਰਾਂ ਆਪ ਬੰਨ੍ਹਿਆ ਹੈ। ਕਈ ਪ੍ਰਕਾਰ ਦੀ ਲੈਅਕਾਰੀ ਸਰਗਮਕਾਰੀ ਅਤੇ ਤਾਲਕਾਰੀ ਦਾ ਪਰਦਰਸ਼ਨ ਵੱਖ ਵੱਖ ਕਲਾਕਾਰ ਕਰ ਰਹੇ ਸਨ। ਬਸ ਕਹਿਣੇ ਦੇ ਜੋਗਾ ਨਹੀਂ...

ਅੱਜ ਕੀਰਤਨ ਵਿਚ ਸਹੰਦ ਉਤੇ ਰਾਗ ਖਮਾਜ ਦੀਆਂ ਸੁਰਾਂ ਬਹੁਤ ਸਪੱਸ਼ਟ ਅਤੇ ਜਾਨਦਾਰ ਸਰੂਪ ਵਿਚ ਉਜਾਗਰ ਹੋ ਰਹੀਆਂ ਸਨ ਅਤੇ ਨਾਲ ਹੀ ਬਹੁਤ ਕਦਮ ਮਿਲਾਕੇ ਫ਼ੈਅਮਈ ਤਬਲਾਵਾਦਨ ਹੋ ਰਿਹਾ ਸੀ। ਪਰ ਕਲਾਕਾਰ ਅਸਲੋਂ ਹੀ ਨਵੇਂ ਅਤੇ ਨਿੱਕੇ ਸਨ। ਸਰੋਦਵਾਦਕ ਸ੍ਰੀ ਗੁਰਦੇਵ ਸਿੰਘ ਦਾ ਲੜਕਾ ਸੀ ਅਤੇ ਤਬਲਾ ਵਾਦਕ ਗਵਾਲੀਅਰ ਤੋਂ ਸੀ।

ਇਕ ਇਕੱਤ੍ਰਤਾ

ਕੀਰਤਨ ਦੀ ਸਮਾਪਤੀ ਬਾਦ ਸੰਗਤਾਂ ਤਾਂ ਮੁੜ ਕਵੀ ਦਰਬਾਰ ਵਿਚ ਹਾਜ਼ਰ ਹੋਣ ਲਈ ਸਿਮ੍ਰਤੀ ਮੰਦਿਰ ਤੋਂ ਬਾਹਰ ਚਲੀਆਂ ਗਈਆਂ ਪਰ ਸਟੇਜ ਦੇ ਪਿਛੇ ਇਕ ਇਕਤ੍ਰਤਾ ਹੋ ਰਹੀ ਸੀ। ਸਤਿਗੁਰੂ ਜੀ ਦੀ ਹਜ਼ੂਰੀ ਵਿਚ ਇਕ ਇਲਾਕੇ ਦੀ ਸੰਗਤ ਬੈਠੀ ਸੀ। ਇਸ ਸੰਗਤ ਨੇ ਅਗਲੇ ਹੌਲੇ ਵਾਸਤੇ ਬੇਨਤੀ ਕੀਤੀ ਹੋਈ ਸੀ ਪਰ ਸਤਿਗੁਰੂ ਜੀ ਦੀ ਸ਼ਰਤ ਸੀ ਕਿ ਉਸ ਇਲਾਕੇ ਵਿਚ ਧਾਰਮਕ ਅਤੇ ਸਮਾਜਕ ਪੱਖਾਂ ਤੋਂ ਜੋ ਕੁਝ ਤਰੁਟੀਆਂ ਪਿਛਲੇ ਸਮੇਂ ਵਿਚ ਆਈਆਂ ਹਨ ਪਹਿਲਾਂ ਉਹਨਾਂ ਨੂੰ ਸੰਗਤ ਤਗੜੇ ਹੋ ਕੇ ਦੂਰ ਕਰੇ ਉਸ ਪਿਛੋਂ ਹੀ ਹੌਲੇ ਦੀ ਮਨਜ਼ੂਰੀ ਦਿਤੀ ਜਾ ਸਕਦੀ ਹੈ। ਸਤਿਗੁਰੂ ਜੀ ਨੇ ਸੰਗਤ ਨੂੰ ਸਮਾਂ ਦਿਤਾ ਕਿ ਉਹ ਇਹ ਕਾਰਜ ਕਰ ਲਵੇ ਫੇਰ ਹੀ ਹੋਲੇ ਦਾ ਐਲਾਨ ਹੋਵੇਗਾ।

ਕਵੀ ਦਰਬਾਰ

ਅੱਜ ੧੭ ਮਾਰਚ ਦੀ ਸ਼ਾਮ ਨੂੰ ਇਕ ਵਿਸ਼ਾਲ ਕਵੀ ਦਰਬਾਰ ਹੋਇਆ। ਸਿਮ੍ਰਤੀ ਮੰਦਿਰ ਵਿਚ ਤਿਲ ਧਰਨ ਜੋਗੀ ਥਾਂ ਵੀ ਬਚੀ ਨਹੀਂ ਸੀ। ਅੱਜ ਕਵੀ ਦਰਬਾਰ ਦੀ ਸ਼ਰਤ ਇਹ ਸੀ ਇਸ ਵਿਚ ਸਾਜ਼ਾਂ ਨਾਲ ਗੀਤ ਪੜ੍ਹਣ ਦੀ ਆਗਿਆ ਨਹੀਂ ਸੀ। ਕੇਵਲ ਅਪਣੀ ਬਣਾਈ ਕਵਿਤਾ ਹੀ ਪੜ੍ਹਣ ਦੀ ਆਗਿਆ ਸੀ। ਪੰਥ ਰਤਨ ਮਾਸਟਰ ਨਿਹਾਲ ਸਿੰਘ ਜੀ ਦੀ ਪ੍ਰਧਾਨਗੀ ਵਿਚ ਅਤੇ ਇਹਨਾਂ ਸਤਰਾਂ ਦੇ ਲੇਖਕ ਦੇ ਸਰਕਰਦਗੀ ਪਰਬੰਧ ਵਿਚ ਕਵੀ ਦਰਬਾਰ ਹੋਇਆ। ਕਵੀ ਦਰਬਾਰ ਵਾਸਤੇ ਸਟੇਜ ਵਲੋਂ ਕੋਈ ਸਮੱਸਿਆ ਨਹੀਂ ਸੀ ਅਤੇ ਇਸ ਵਿਚ ਬਹੁਤ ਸਾਰੇ ਨਵੇਂ, ਪ੍ਰੋਢ ਅਤੇ ਪ੍ਰਾਹੁਣੇ ਕਵੀਆਂ ਨੇ ਅਪਣੀ ਕਾਵਿ ਕੌਸ਼ਲਤਾ ਦੇ ਜੌਹਰ ਵਿਖਾਏ।

ਕਰਮਦਾਰ ਸਵਿੰਦਰ ਸਿੰਘ ਜਮਨਾ ਨਗਰ, ਸੁਰਿੰਦਰ ਸਿੰਘ ਕੰਗ, ਸੁਰਿੰਦਰ ਸਿੰਘ ਮੁਕਤਾ (ਹੋਲਾ ਏਜ ਲਈ ਪੂਰਬ ਮਹਾਨ ਹੋਇਆ), ਮਾਸਟਰ ਹਰਸਾ ਸਿੰਘ ਬਾਠ (ਅਮਨ ਏਕਤਾ ਸਮੇਂ ਦੀ ਲੋੜ ਹੈ ਅੱਜ) ਪ੍ਰਸਿਧ ਸਾਹਿਤਕਾਰ ਪ੍ਰੀਤਮ ਸਿੰਘ ਪੰਛੀ ਤੇ ਕਰਤਾਰ ਸਿੰਘ ਪੰਛੀ ਮਲੇਰਕੋਟਲਾ, ਕਿਹਰ ਸਿੰਘ ਹਜ਼ਾਰਾਧੀ, ਜੀਵਨ ਪ੍ਰਕਾਸ਼ ਜੀਵਨ ਅੰਮ੍ਰਿਤਸਰ, ਸ: ਵਿਧਾਤਾ ਸਿੰਘ ਕਮਾਲ ਅੰਮ੍ਰਿਤਸਰ, ਸਾਧੂ ਸਿੰਘ ਕਿਸਾਨ, ਗੁਰਬਖਸ਼ ਸਿੰਘ ਰਾਮਪੁਰੀ, ਫਕੀਰ ਚੰਦ ਤੁਲੀ ਜਲੰਧਰ, ਪਿਆਰਾ ਸਿੰਘ ਰੌਸ਼ਨ ਅੰਮ੍ਰਿਤਸਰ, ਪੰਜਾਬੀ ਸਾਹਿਤ ਦੇ ਨਾਮਵਰ ਸ਼ਾਇਰ ਸ੍ਰੀ

Sri Satguru Jagjit Singh Ji eLibrary NamdhariElibrary@gmail.com

ਸੁਰਜੀਤ ਰਾਮਪੁਰੀ, ਮਾਸਟਰ ਅਮਰੀਕ ਸਿੰਘ ਅਮਰਾਜ਼ਰ, ਬਲਬੀਰ ਸਿੰਘ ਢਿਲੋਂ, ਡਾ: ਬਲਵੰਤ ਸਿੰਘ ਢਿੱਲੋਂ, ਸ੍ਰੀ ਜੁਗਿੰਦਰਪਾਲ ਸੇਵਕ, ਤਾਰਾ ਸਿੰਘ ਅਣਜਾਣ, ਰਣਧੀਰ ਸਿੰਘ ਧੀਰਾ, ਪ੍ਰੀਤਮ ਸਿੰਘ ਕਵੀ ਅਤੇ ਨ: ਸੰਤੋਖ ਸਿੰਘ ਸਫਰੀ ਜੀ ਨੇ ਆਪਣੀਆਂ ਬਹੁ-ਰੰਗੀ, ਬਹੁ-ਪਰਕਾਰੀ ਕਵਿਤਾਵਾਂ ਸੁਣਾ ਕੇ ਗੁਰ ਇਤਿਹਾਸ ਗੁਰਮਤ ਫਲਸਫੇ ਨੂੰ ਜਜ਼ਬਾਤ ਰਾਹੀਂ ਪੇਸ਼ ਕੀਤਾ।

ਕਵੀ ਦਰਬਾਰ ਬਹੁਤ ਸਫਲ ਅਤੇ ਯਾਦਗਾਰੀ ਸੀ। ਅਜੇ ਕਈ ਕਵੀ ਪੇਸ਼ ਹੋਣ ਵਾਲੇ ਸਨ ਪਰ ਵਕਤ ਦੀ ਤਲਵਾਰ ਸਿਰ ਤੇ ਖੜੀ ਸੀ।

ਕਵੀ ਦਰਬਾਰ ਦੀ ਸਮਾਪਤੀ ਦੇ ਨਾਲ ਹੀ ਦਿਲੀ ਵਾਲੇ ਪ੍ਰਸਿਧ ਜਥੇਦਾਰ ਸੇਵਾ ਸਿੰਘ ਜੀ ਦਾ ਦੀਵਾਨ ਸ਼ੁਰੂ ਹੋ ਗਿਆ। ਇਕ ਵਿਸ਼ੇਸ਼ ਸ਼ੈਲੀ ਨਾਲ ਅਤੇ ਮਜ਼ਮੂਨ ਦੇ ਲਿਹਾਜ਼ ਦੇ ਜਥੇਦਾਰ ਸੇਵਾ ਸਿੰਘ ਮਾਹਰ ਹਨ। ਦਲੀਲਾਂ ਅਤੇ ਪਰਮਾਣਾਂ ਦੀ ਝੜੀ ਲਾ ਦਿੰਦੇ ਹਨ ਅਤੇ ਗਾਇਨ ਵਿਚ ਵੀ ਗੰਭੀਰ ਰਸ ਹੁੰਦਾ ਹੈ। ਬਾ-ਹੌਸਲ ਆਵਾਜ਼ ਵਿਚ ਉਹਨਾਂ ਅਜ "ਸਤਿਗੁਰ ਮੇਰਾ ਬੇਮੁਹਤਾਜੁ" ਵਿਸ਼ੇ ਤੇ ਆਪਣਾ ਵਿਖਿਆਨ ਦਿਤਾ। ਅੱਧੀ ਰਾਤ ਤਕ ਸਰੋਤੇ ਅਹਿਲ ਹੋਏ ਭਰਵੇਂ ਜਥੇ ਦੇ ਹਲੇ ਦੇ ਕੀਰਤਨ ਨਾਲ ਵਿਖਿਆਨ ਸੁਣਦੇ ਰਹੇ। ਉਹਨਾਂ ਤੋਂ ਬਾਅਦ ਜਥੇਦਾਰ ਸੇਵਾ ਸਿੰਘ ਜੀ ਸੰਤ ਨਗਰ ਨੇ ਦੀਵਾਨ ਲਾਇਆ ਅਤੇ ਮੁੜ ਆਸਾ ਦੀ ਵਾਰ ਦਾ ਸਮਾਂ ਹੋ ਆਇਆ।

ਭਰਪੂਰ ਸਰਗਰਮੀਆਂ ਦਾ ਦਿਨ

ਅਠਾਰਾਂ ਮਾਰਚ ਦਾ ਦਿਨ ਅਮਲੀ ਤੌਰ ਤੇ ਇਸ ਸਾਂਝੇ ਪੁਰਬ ਦਾ ਆਖਰੀ ਦਿਨ ਸੀ ਕਿਉਂਕਿ ਅਗਲੇ ਦਿਨ ਸਵੇਰੇ ਨੂੰ ਆਸਾ ਦੀ ਵਾਰ ਦੇ ਕੀਰਤਨ ਅਤੇ ਅਨੰਦ ਕਾਰਜਾਂ ਬਾਅਦ ਮੇਲੇ ਦਾ ਭੋਗ ਪੈ ਜਾਣਾ ਸੀ। ਇਹ ਦਿਨ ਬਹੁਤ ਹੀ ਸਰਗਰਮੀਆਂ ਭਰਪੂਰ ਸੀ। ਆਸਾ ਦੀ ਵਾਰ ਦਾ ਕੀਰਤਨ ਆਪਣੀ ਰਵਾਇਤੀ ਸ਼ਾਨ ਨਾਲ ਹੋਇਆ। ਸੰਗਤਾਂ ਦਾ ਇਕੱਠ ਪੂਰੇ ਜੋਬਨ ਤੇ ਸੀ ਅਤੇ ਲਾਈਨ ਵਿਚ ਚਲਦਿਆਂ ਨੂੰ ਮੱਥਾ ਟੇਕਣ ਦੀ ਵਾਰੀ ਵਿਚ ਅੱਧੇ ਘੰਟੇ ਤੋਂ ਵਧ ਸਮਾਂ ਲਗ ਰਿਹਾ ਸੀ।

ਡਾ: ਭਗਵਾਨ ਦਾਸ ਵਰਮਾ

ਵਾਰ ਦੀ ਸਮਾਪਤੀ ਤੋਂ ਬਾਅਦ ਕੁਝ ਸਮਾਂ ਵਾਸਤੇ ਡਾ: ਭਗਵਾਨ ਦਾਸ ਵਰਮਾ ਬੋਲੇ। ਆਪ ਔਰੰਗਾਬਾਦ (ਮਹਾਰਾਸ਼ਟਰ) ਤੋਂ ਆਏ ਸਨ। ਉਹਨਾਂ ਆਪਣੇ ਭਾਸ਼ਣ ਵਿਚ ਕਿਹਾ ਕਿ ਮੁਕਤੀ ਦੇ ਤਿੰਨ ਰਸਤੇ ਹਨ ਗਿਆਨ, ਕਰਮ ਅਤੇ ਭਗਤੀ ਮਾਰਗ। ਪਰ ਇਹਨਾਂ ਨੂੰ ਕਮਾਉਣ ਵਾਲਾ ਹੋਵਾਂ ਦਾ ਇਕਰਾਰ ਹੁੰਦਾ ਆਇਆ ਹੈ। ਮੁਖ ਗਲ ਇਹ ਹੈ ਕਿ ਦਵੈਤ ਨੂੰ ਕਢਣਾ ਹੋਵੇਗਾ। ਗਿਆਨ, ਕਰਮ ਅਤੇ ਭਗਤੀ ਤਦ ਹੀ ਸ਼ੁਧ ਹੋਵੇਗੀ ਜਦੋਂ ਤੁਸੀਂ ਇਹਨਾਂ ਦਾ ਦਾਨ ਕਰੋਗੇ। ਗੁਰੂ ਨਾਨਕ ਦੇਵ ਜੀ ਨੇ ਗਿਆਨ ਸਿਖਾਇਆ, ਗੁਰੂ ਗੋਬਿੰਦ ਸਿੰਘ ਜੀ ਨੇ ਕਰਮ ਸਿਖਾਇਆ ਅਤੇ ਸਤਿਗੁਰੂ ਰਾਮ ਸਿੰਘ ਜੀ ਨੇ ਭਗਤੀ ਸਿਖਾਈ। ਜੋ ਗਿਆਨ ਕਰਮ ਵਿਚ, ਕਰਮ ਭਗਤੀ ਵਿਚ ਅਤੇ ਭਗਤੀ ਸਮਰਪਣ ਵਿਚ ਢਲੇ—ਗਿਆਨ ਕਰਮ ਭਗਤੀ ਦੀ ਮਹੱਤਤਾ ਇਸ ਵਿਚ ਹੈ ਕਿ ਇਸ ਨੂੰ ਸਮਰਪਣ ਕਰੋ। ਜੋ ਕੁਝ ਭਗਵਾਨ ਨੇ ਦਿਤਾ ਹੈ ਉਸ ਦਾ ਭੋਗ ਕਰੋ ਪਰ ਤਿਆਗ ਨਾਲ ਭੋਗ ਕਰੋ।

—0—

ਹੱਲੇ ਦੇ ਦੀਵਾਨ

ਅੱਜ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪ੍ਰਕਾਸ਼ ਦਿਵਸ ਸੀ ਜੋ ਅਜ ਦੇ ਜਥੇਦਾਰਾਂ ਨੇ ਦੀਵਾਨ ਏਸੇ ਪ੍ਰਕਰਨ ਤੇ ਲਾਉਣੇ ਸਨ। ਅੱਜ ਜਿਹਨਾਂ ਜਥੇਦਾਰ ਸਾਹਿਬਾਨ ਨੇ ਦੀਵਾਨ ਲਾਉਣੇ ਸਨ ਉਹਨਾ ਦੇ ਨਾਮ ਐਲਾਨੇ ਗਏ।

ਡਾ: ਭਗਵਾਨ ਸਿੰਘ, ਸ਼ੇਰ ਸਿੰਘ ਭੜੋਲਿਆਂ ਵਾਲੇ, ਜ: ਕੁਲਦੀਪ ਸਿੰਘ ਦਿਲੀ, ਜ: ਕੁਲਦੀਪ ਸਿੰਘ ਸ੍ਰੀ ਭੈਣੀ ਸਾਹਿਬ, ਸੂਬਾ ਮੇਲਾ ਸਿੰਘ ਜੀ ਅਤੇ ਪੰਡਿਤ ਗੋਪਾਲ ਸਿੰਘ ਜੀ।

ਅਨੰਦ ਕਾਰਜ ਕਰਾਉਣ ਵਾਲੇ ਲੜਕੇ ਲੜਕੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਹਦਾਇਤ ਸੀ ਕਿ ਉਹ ਪਹਿਲੋਂ ਮੇਲੇ ਤੇ ਪੁਜਣ ਪਰ ਕਈ ਦੇਰ ਨਾਲ ਪੁਜੇ ਸਨ। ਉਹਨਾਂ ਨੂੰ ਹੁਕਮ ਹੋਇਆ ਕਿ ਉਹ ਸਾਹਮਣੇ ਆਉਣ। ਇਹਨਾਂ ਸਾਰਿਆਂ ਡੀਫਾਲਟਰਾਂ ਨੂੰ ਜੁਰਮਾਨੇ ਕੀਤੇ ਗਏ।

ਇਕਤ੍ਰਤਾਵਾਂ

ਅਜ ਦਾ ਸਾਰਾ ਦਿਨ ਬਹੁਤ ਹੀ ਸਰਗਰਮੀਆਂ ਭਰਿਆ ਸੀ। ਇਕ ਪਾਸੇ ਦੀਵਾਨ ਲਗੇ ਹੋਏ ਸਨ ਇਕ ਪਾਸੇ ਨਾਮਧਾਰੀ ਦਰਬਾਰ ਦੀਆਂ ਮੀਟਿੰਗਾਂ ਚਲ ਰਹੀਆਂ ਸਨ। ਨਾਮਧਾਰੀ ਵਿਦਿਅਕ ਜਥੇ ਦੀਆਂ ਇਕਤ੍ਰਤਾਵਾਂ ਹੋ ਰਹੀਆਂ ਸਨ। ਸ੍ਰੀ ਭੈਣੀ ਸਾਹਿਬ ਵਿਕਾਸ ਸਮਿਤੀ ਦੀਆਂ ਮੀਟਿੰਗਾਂ ਦੀ ਬਾਰ ਬਾਰ ਹੋ ਰਹੀਆਂ ਸਨ। ਨਾਮਧਾਰੀ ਦਰਬਾਰ ਅਤੇ ਵਿਦਿਅਕ ਜਥੇ ਦੀਆਂ ਸਭਾਵਾਂ ਵਿਚ ਅਨੰਦ-ਕਾਰਜ ਸੰਬੰਧੀ ਮਸਲਿਆਂ ਨੂੰ ਵੀਚਾਰਿਆ ਗਿਆ ਅਤੇ ਹੋਰ ਸਮਾਜਕ ਸਮੱਸਿਆਵਾਂ ਤੇ ਵਿਚਾਰ ਕੀਤੀ ਗਈ। ਕਈ ਸਬੰਧਕ ਵਿਚਾਰਾਂ ਕੀਤੀਆਂ ਗਈਆਂ ਦਰਬਾਰ ਦੀਆਂ ਗਤੀਵਿਧੀਆਂ ਵਿਚ ਹੋਰ ਤੇਜ਼ ਲਿਆਉਣ ਲਈ ਵੀ ਵੀਚਾਰਾਂ ਕੀਤੀਆਂ ਗਈਆਂ ਅਤੇ ਮੈਂਬਰਸ਼ਿਪ ਵਧਾਉਣ ਦੀ ਵੀ ਆਗਿਆ ਦਿਤੀ ਗਈ। ਦਰਬਾਰ ਦਾ ਨਵਾਂ ਦਫਤਰ ਬਣਾਉਣ ਵਾਸਤੇ ਵੀ ਫੈਸਲਾ ਹੋਇਆ। ਦਰਬਾਰ ਦੀ ਮੀਟਿੰਗ ਮਾਸਟਰ ਨਿਹਾਲ ਸਿੰਘ ਜੀ ਦੀ ਪ੍ਰਧਾਨਗੀ ਵਿਚ ਹੋਈ ਅਤੇ ਵਿਦਿਅਕ ਜਥੇ

Sri Satguru Jagjit Singh Ji eLibrary NamdhariElibrary@gmail.com

ਦੀ ਸ: ਦਲੀਪ ਸਿੰਘ ਜੀ ਦੀ ਪ੍ਰਧਾਨਗੀ ਵਿਚ। ਦਰਬਾਰ ਦਾ ਬੈਂਕ ਅਕਾਊਂਟ ਚਲਾਉਣ ਲਈ ਤਿੰਨ ਮੈਂਬਰਾਂ ਨੂੰ ਅਧਿਕਾਰ ਦਿਤਾ ਗਿਆ। ਮਾਸਟਰ ਨਿਹਾਲ ਸਿੰਘ ਜੀ ਪ੍ਰਧਾਨ, ਜਨਰਲ ਸਕੱਤਰ ਸ: ਹਰਵਿੰਦਰ ਸਿੰਘ ਹੰਸਪਾਲ ਅਤੇ ਸਕੱਤਰ ਜਗਦੀਸ਼ ਸਿੰਘ—। ਨਾਮਧਾਰੀਆਂ ਦੀ ਮਰਦਮ ਸ਼ੁਮਾਰੀ ਦੇ ਤੱਥਾਂ ਨੂੰ ਕੰਪਿਊਟਰ ਦਵਾਰਾ ਸੰਪੂਰਨ ਕਰਨ ਦਾ ਵੀ ਵਿਚਾਰ ਹੋਇਆ। ਦਰਬਾਰ ਦੀ ਮੀਟਿੰਗ ਵਿਚ ਉਸ ਵਕਤ ਦੀਵਾਨ ਲਾ ਰਹੇ ਜਥੇਦਾਰਾਂ ਨੂੰ ਛੱਡ ਕੇ ਸਮੂਹ ਜਥੇਦਾਰ ਸਾਹਿਬਾਨ, ਸੂਬੇ ਸਾਹਿਬਾਨ ਅਤੇ ਹੋਰ ਮੈਂਬਰ ਸ਼ਾਮਲ ਹੋਏ। ਜਥੇਦਾਰਾਂ ਨੂੰ ਅਪੀਲ ਕੀਤੀ ਗਈ ਕਿ ਉਹ ਵਿਆਹਾਂ ਨੂੰ ਸਾਦਾ ਕਰਨ ਅਤੇ ਠੀਕ ਲੀਹਾਂ ਤੇ ਚਲਾਉਣ ਲਈ ਜ਼ਰੂਰ ਆਪਣੇ ਦੀਵਾਨਾਂ ਵਿਚ ਬੋਲਿਆ ਕਰਨ।

ਸਾਰਾ ਦਿਨ ਹੱਲਾਂ ਚ ਦੀਵਾਨ ਸੱਜਦੇ ਰਹੇ। ਦੁਪਹਿਰ ਬਾਦ ਨਾਮ ਸਿਮਰਣ ਅਤੇ ਹਜ਼ੂਰੀ ਕੀਰਤਨ ਹੋਇਆ ਜਿਸਦੀ ਮਹਿਮਾ ਸ਼ਬਦਾਂ ਵਿਚ ਬਿਆਨ ਨਹੀਂ ਕੀਤੀ ਜਾ ਸਕਦੀ। ਅੱਜ ਇੰਗਲੈਂਡ ਤੋਂ ਛੀਤ੍ਰ ਸ਼ਹਿਰ ਵਾਲੇ ਪ੍ਰਸਿਧ ਨਾਮਧਾਰੀ ਸ੍ਰੀ ਰੋਸ਼ਨ ਲਾਲ ਸ਼ਰਮਾ ਵੀ ਆਏ ਹੋਏ ਸਨ। ਅੱਜ ਸਤਿਗੁਰੂ ਜੀ ਦੇ ਹੁਕਮ ਨਾਲ ਮੈਂ ਇਕ ਮਾਈ ਨਾਲ ਮੁਲਾਕਾਤ ਕੀਤੀ ਜਿਸ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਾਤਾ ਜੀ ਮਾਤਾ ਵਰਿਆਮ ਕੌਰ ਜੀ ਦੀ ਹੱਥੀਂ ਸੇਵਾ ਕੀਤੀ ਹੋਈ ਸੀ। ਅਤੇ ਜਿਸ ਦੀ ਉਮਰ ਸੌ ਸਾਲ ਤੋਂ ਉਪਰ ਸੀ। ਮਾਤਾ ਬਿਲਕੁਲ ਆਪਣੇ ਹੋਸ਼ ਵਿਚ ਸੀ।

ਮੇਲੇ ਦੀ ਆਖਰੀ ਰਾਤ

ਮੇਲੇ ਦੀ ਆਖਰੀ ਰਾਤ ਦਾ ਆਪਣਾ ਹੀ ਰੂਪਕ ਸੀ। ਅੱਜ ਸਾਰੀ ਰਾਤ ਤਿੰਨ ਦੀਵਾਨ ਅਸਥਾਨਾਂ ਤੇ ਚੌਕੀ ਦੀਵਾਨ ਲਗੇ ਸਨ। ਇਕ ਸਿਮ੍ਰਤੀ ਮੰਦਿਰ ਵਿਚ, ਦੂਜਾ ਹਰੀ ਮੰਦਿਰ ਅਤੇ ਤੀਸਰਾ ਸਤਿਗੁਰੂ ਰਾਮ ਸਿੰਘ ਮੰਦਿਰ ਵਿਚ। ਜਥੇਦਾਰਾਂ ਦੇ ਨਾਮ ਇਸ ਪ੍ਰਕਾਰ ਹਨ:

ਸਿਮ੍ਰਤੀ ਮੰਦਿਰ: ਸਰਬ ਜਥੇਦਾਰ ਸੁਰਜੀਤ ਸਿੰਘ ਜੋਤਕੀਆਂ, ਸੂਬਾ ਮੇਲਾ ਸਿੰਘ, ਅਜੀਤ ਸਿੰਘ ਬਟਾਲਾ, ਅਮਰ ਸਿੰਘ ਨਕੋਤਾ, ਗਿਆਨ ਸਿੰਘ ਵੀਰੋਕੇ, ਸੇਵਾ ਸਿੰਘ ਦਿੱਲੀ, ਬਲਵੰਤ ਸਿੰਘ ਕਪੂਰਾ, ਗੁਰਬਚਨ ਸਿੰਘ ਚਰਾਂਦ, ਪਰਬੰਧਕ ਸੂਬਾ ਮੇਲਾ ਸਿੰਘ। ਹਰੀ ਮੰਦਿਰ:—ਪ੍ਰੀਤਮ ਸਿੰਘ ਦਿੱਲੀ, ਜੁਗਿੰਦਰ ਸਿੰਘ ਮਕਤਾ, ਗਿਆਨ ਸਿੰਘ ਧਨੁਪੁਰ, ਸਾਧਾ ਸਿੰਘ ਮੰਡੀ, ਨਰੰਜਨ ਸਿੰਘ ਫੌਕੜ, ਸੇਵਾ ਸਿੰਘ ਜਗਾਧਰੀ, ਬਲਵੰਤ ਸਿੰਘ ਪਿੰਗਲ, ਰਣਜੀਤ ਸਿੰਘ ਸਮਰਾ, ਪਰਬੰਧਕ ਜਥੇਦਾਰ ਸਵਰਨ ਸਿੰਘ ਝਲਾਂਵਾਲੇ। ।ਕ੍ਰਾਂਤੀ ਮੰਦਿਰ ਸਤਿਗੁਰੂ ਰਾਮ ਸਿੰਘ:—ਪ੍ਰੀਤਮ ਸਿੰਘ ਪਧਰੀ, ਹਜ਼ਾਰਾ ਸਿੰਘ ਜਲੰਧਰ, ਸੁਚੇਤ ਸਿੰਘ ਹੁਸ਼ਿਆਰਪੁਰ, ਮਹਿੰਦਰ ਸਿੰਘ ਗਵਾਲੀਅਰ, ਨਰੰਜਨ ਸਿੰਘ ਕੰਵਲਪੁਰ, ਬਲਵੰਤ ਸਿੰਘ ਦਿੱਲੀ ਅਤੇ ਸੰਤ ਸਰਦਾਰ ਸਿੰਘ ਸ੍ਰੀ ਭੈਣੀ ਸਾਹਿਬ। ਪਰਬੰਧਕ ਜਥੇਦਾਰ ਨਿਰਮਲ ਸਿੰਘ ਸਨ।

ਸਾਰੀ ਰਾਤ ਹੀ ਸੰਗਤਾਂ ਦੀ ਚਹਿਲ ਪਹਿਲ ਰਹੀ। ਇਕ ਦੀਵਾਨ ਚੋਂ ਉਠ ਕੇ ਦੂਸਰੇ ਵਿਚ ਜਾਣਾ। ਆਪਣੇ ਚਹੇਤੇ ਜਥੇਦਾਰਾਂ ਨੂੰ ਸੁਣਨਾ ਉਹਨਾਂ ਦੀ ਮਦਦ ਕਰਨੀ। ਅੱਧੀ ਰਾਤ ਨੂੰ ਸ: ਹਰਵਿੰਦਰ ਸਿੰਘ ਹੰਸਪਾਲ ਜੀ ਨਾਲ ਅਸੀਂ ਸਾਰੇ ਦੀਵਾਨਾਂ ਦਾ ਸਰਵੇਖਣ ਕੀਤਾ ਉਸ ਵੇਲੇ ਵੀ ਸਾਰੀ ਥਾਈਂ ਭਰਪੂਰ ਹਾਜ਼ਰੀ ਸੀ।

ਅੰਤਮ ਦਿਨ

੧੯ ਮਾਰਚ ਨੂੰ ਅੰਤਮ ਦਿਨ ਸੀ। ਸਵੇਰੇ ਢੋਲਕ ਛੈਣਿਆਂ ਨਾਲ ਆਸਾ ਦੀ ਵਾਰ ਦਾ ਕੀਰਤਨ (ਵਾਰਾਂ) ਮਾਸਟਰ ਦਰਸ਼ਨ ਸਿੰਘ, ਗੁਰਮੁਖ ਸਿੰਘ ਸੰਤ ਨਗਰ ਅਤੇ ਸੰਤ ਸ੍ਰਾਧਾ ਸਿੰਘ ਮੰਡੀ ਦੀ ਅਗਵਾਈ ਵਿਚ ਸੰਮਿਲਤ ਰੂਪ ਵਿਚ ਸ਼ੁਰੂ ਹੋਇਆ। ਬਾਅਦ ਵਿਚ ਰਾਗੀਆਂ, ਸੰਤ ਧਿਆਨ ਸਿੰਘ, ਹਰਬੰਸ ਸਿੰਘ ਦੁਆਰਾ ਵਾਰ ਦਾ ਕੀਰਤਨ ਹੋਇਆ। ਬਸੰਤ ਦੀ ਵਾਰ ਦਾ ਪਾਠ ਬੱਚਿਆਂ ਨੇ ਕੀਤਾ, ਪੀਲੂ ਦੀਆਂ ਸੁਰਾਂ ਵਿਚ ਇਕ ਸ਼ਬਦ ਆਜ ਹਮਾਰੈ ਮੰਗਲਚਾਰ ਪੜ੍ਹਿਆ ਗਿਆ।

ਆਨੰਦ ਕਾਰਜ

ਏਧਰ ਕੀਰਤਨ ਹੋ ਰਿਹਾ ਸੀ ਅਤੇ ਸਾਹਮਣੇ ਸਮੂਹਕ ਅਨੰਦ ਕਾਰਜਾਂ ਦੀ ਤਿਆਰੀ ਹੋ ਰਹੀ ਸੀ। ਸਿਮ੍ਰਤੀ ਮੰਦਰ ਦੇ ਵਿਸ਼ਾਲ ਹਾਲ ਦਰਮਿਆਨ ਸਵੇਰ ਤੋਂ ਪਾਠੀ ਸਿੰਘ ਬਾਣੀਆਂ ਪੜ੍ਹ ਕੇ ਹਵਨ ਕਰ ਰਹੇ ਸਨ। ਅੰਮ੍ਰਿਤ ਤਿਆਰ ਕਰ ਰਹੇ ਸਨ। ਅਨੰਦ ਕਾਰਜਾਂ ਵਾਲੇ ਨੌਜੁਆਨ ਸਿੰਘ ਅਤੇ ਬੀਬੀਆਂ ਚਿਟੀਆਂ ਚਦਰਾਂ ਉਤੇ ਕਤਾਰਾਂ ਬੰਨ੍ਹ ਕੇ ਬੈਠੇ ਸਨ। ਉਹਨਾਂ ਦੇ ਕੰਨਾਂ ਵਿਚ ਗੁਰੂ ਮੰਤਰ-ਭਜਨ ਦਸਿਆ ਜਾ ਰਿਹਾ ਸੀ। ਅੰਮ੍ਰਿਤ ਛਕਾਇਆ ਜਾ ਰਿਹਾ ਸੀ। ਲੜਕੇ ਪਜਾਮੇ ਤੋਂ ਰਹਿਤ ਮਰਿਆਦਾ ਅਨੁਸਾਰ ਕਛਹਿਰਿਆਂ ਵਿਚ ਸਨ। ਪਿਛਲੀ ਰਾਤ ਦੇਰ ਤਕ ਇਹਨਾਂ ਆਨੰਦਾਂ ਬਾਰੇ ਸਭ ਪੁਛ ਪੜਤਾਲਾਂ ਮੁਕੰਮਲ ਹੋ ਚੁਕੀਆਂ ਸਨ। ਇਨ੍ਹਾਂ ਜੋੜਿਆਂ ਨੂੰ ਆਪਣੇ ਥਾਂ ਉਤੇ ਬੈਠਣ ਵਾਸਤੇ ਟੋਕਨ ਨੰਬਰ ਮਿਲ ਚੁਕੇ ਸਨ ਗੱਠ-ਚੜਾਵੇ ਹੋ ਚੁਕੇ ਸਨ। ਵਿਸ਼ੇਸ਼ਤਾ ਇਹ ਸੀ ਕਿ ਲੜਕੀਆਂ ਦੇ ਕੋਲ ਉਹਨਾਂ ਦੇ ਰਿਸ਼ਤੇਦਾਰ ਨਹੀਂ ਸਨ ਬੈਠੇ ਆਪਣੇ ਆਪ ਖੁਦ ਮੁਖਤਿਆਰ ਬੈਠੀਆਂ ਸਨ। ਕੀਰਤਨ ਦੀ ਸਮਾਪਤੀ ਦੇ ਨਾਲ ਹੀ ਸ੍ਰੀ ਗਰੰਥ ਸਾਹਿਬ ਦੀ ਬੀੜ ਦਾ ਪ੍ਰਕਾਸ਼ ਕੀਤਾ ਗਿਆ ਅਤੇ ਅਨੰਦ ਦੀਆਂ ਲਾਵਾਂ ਦਾ ਪਾਠ ਸ਼ੁਰੂ ਹੋ ਗਿਆ। ਤਿੰਨ ਗਰੁਪਾਂ ਵਿਚ ੩੬ ਜੋੜਿਆਂ ਦੇ ਅਨੰਦ ਕਾਰਜ ਹੋ ਗਏ।

Sri Satguru Jagjit Singh Ji eLibrary NamdhariElibrary@gmail.com

ਹੋਲੇ ਮਹੱਲੇ ਸਮੇਂ ਸ੍ਰੀ ਭੈਣੀ ਸਾਹਿਬ ਵਿਖੇ ਹੋਏ ਸਮੂਹਕ ਅਨੰਦ-ਕਾਰਜਾਂ ਦਾ ਦ੍ਰਿਸ਼

ਸ: ਹੰਸਪਾਲ

ਮੰਚ ਉਤੇ ਸ: ਹਰਵਿੰਦਰ ਸਿੰਘ ਹੰਸਪਾਲ ਜੀ ਨੇ ਆਪਣੇ ਵਿਚਾਰ ਰਖੇ। ਹੰਸਪਾਲ ਜੀ ਤੀਸਰੀ ਵਾਰ ਹੋਲੇ ਮਹੱਲੇ ਦੇ ਮੇਜ਼ਬਾਨ ਬਣੇ ਹਨ। ਸੰਨ ੧੯੮੫ ਦਾ ਹੋਲਾ ਦਿੱਲੀ ਦੀ ਸਮੁੱਚੀ ਸੰਗਤ ਵਲੋਂ ਦਿਲੀ ਵਿਖੇ ਹੋਇਆ ਸੀ। ਉਸ ਵਿਚ ਹੰਸਪਾਲ ਜੀ ਅਤੇ ਸ੍ਰੀ ਸੁਰਿੰਦਰ ਸਿੰਘ ਮਨਚੰਦਾ ਦਾ ਮੋਹਰੀ ਰੋਲ ਸੀ। ਸੰਨ ੧੯੮੬ ਦਾ ਹੋਲਾ ਅਤੇ ਮੁੜ ੧੯੮੭ ਦਾ ਹੋਲਾ ਸ੍ਰੀ ਭੈਣੀ ਸਾਹਿਬ ਵਿਖੇ ਸ: ਹੰਸਪਾਲ ਅਤੇ ਸੇਠ ਮਨਚੰਦਾ ਵਲੋਂ ਹੀ ਕੀਤਾ ਗਿਆ। ਲਗਾਤਾਰ ਤਿੰਨ ਹੋਲੇ ਕਰਾਉਣ ਦਾ ਮਾਣ ਸਤਿਗੁਰਾਂ ਨੇ ਆਪਣੇ ਅਨਿੰਨ ਸੇਵਕਾਂ ਨੂੰ ਦਿਤਾ। ਖੇਡਾਂ ਵਿਚ ਅੰਗਰੇਜ਼ੀ ਸ਼ਬਦਾਵਲੀ ਵਾਲੇ ਇਸ ਨੂੰ ਹੈਟ ਟਰਿਕ ਕਹਿੰਦੇ ਹਨ ਅਤੇ ਭਾਰਤੀ ਸੰਗੀਤ ਵਾਲੇ ਤਿਹਾਈ ਮਾਰਨੀ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪ ਸੰਗੀਤ ਵਿਚ ਤਿਹਾਈਆਂ ਦੇ ਮਾਹਰ ਹਨ। ਉਹਨਾਂ ਆਪਣੇ ਸੇਵਕਾਂ ਕੋਲੋਂ ਸੇਵਾ ਵਿਚ ਤਿਹਾਈ ਮਰਵਾ ਲਈ ਹੈ।

ਹੰਸਪਾਲ ਜੀ ਨੇ ਆਪਣੀ ਤਕਰੀਰ ਵਿਚ ਸਤਿਗੁਰੂ ਜੀ ਦਾ ਅਤੇ ਸੰਗਤਾਂ ਦਾ ਧੰਨਵਾਦ ਕੀਤਾ। ਉਹਨਾਂ ਨੇ ਆਨੰਦ ਵਿਆਹਾਂ ਬਾਰੇ ਸੰਖੇਪ ਜਾਣਕਾਰੀ ਦਿਤੀ ਅਤੇ ਸਾਧ ਸੰਗਤ ਨੂੰ ਗੁਰੂ ਬਚਨਾਂ ਤੇ ਚਲਣ ਦੀ ਪ੍ਰੇਰਣਾ ਤੇ ਕੁਰੀਤੀਆਂ ਤੋਂ ਬਚਣ ਦੀ ਅਪੀਲ ਵੀ ਕੀਤੀ।

ਮੰਚ ਤੇ ਸ: ਬੇਅੰਤ ਸਿੰਘ ਪ੍ਰਧਾਨ ਪੰਜਾਬ ਕਾਂਗਰਸ ਅਤੇ ਹੋਰ ਨੇਤਾ ਸ: ਪ੍ਰਿਤਿੰਦਰ ਸਿੰਘ ਮਾਨ, ਐਮ. ਐਲ. ਏ., ਸੰ: ਜਗਤ ਰਾਮ ਅਤੇ ਹੋਰ ਵਖ ਖੇਤਰਾਂ ਵਿਚ ਪ੍ਰਤਿਸ਼ਠ ਹਸਤੀਆਂ ਵੀ ਬੈਠੀਆਂ ਸਨ। ਸ: ਬੇਅੰਤ ਸਿੰਘ ਜੀ ਦੇ ਭਾਸ਼ਨ ਤੋਂ ਬਾਅਦ ਸਤਿਗੁਰੂ ਜੀ ਦਾ ਪਵਿਤਰ ਉਪਦੇਸ਼ ਹੋਇਆ। ਅਨੇਕਾਂ ਪਾਠਾਂ ਦੇ ਭੋਗ ਪਾਏ ਗਏ। ਦਸਮ ਗਰੰਥ ਦੇ ਪਾਠਾਂ ਦੇ ਵੀ ਭੋਗ ਪਾਏ ਗਏ। ਸ੍ਰੀ ਅਨੰਦ ਸਾਹਿਬ ਦੇ ਪਾਠ ਦਾ ਕੀਰਤਨ ਹੋਇਆ ਸੰਤ ਮਹਿੰਦਰ ਸਿੰਘ ਪੂਹਲਾ ਜੀ ਨੇ ਸੁਰੀਲੀ ਅਰਦਾਸ ਕੀਤੀ।

ਲੰਗਰ ਦੀ ਸੁੱਚ ਨੇ ਸਤ ਪਤਾਲਾਂ ਵਿਚ ਜੋ ਜੋ ਭਾਰ ਪਹੁੰਚਾ ਦਿਤੀ ਅਤੇ ਮੇਲੇ ਦੀ ਸਮਾਪਤੀ ਹੋ ਗਈ।

ਐਲਾਨ

ਐਲਾਨ ਕੀਤਾ ਗਿਆ ਕਿ ਇਸ ਸਾਲ ਦਾ ਵਿਦਿਅਕ ਸੰਮੇਲਨ ਦਿੱਲੀ ਦੇ ਜਥੇ ਵਲੋਂ ਦਿਲੀ ਵਿਚ ਹੋਵੇਗਾ। ਜੋਧ ਪਰਚੰਡ ਸਮਾਗਮ ਸ੍ਰੀ ਭੈਣੀ ਸਾਹਿਬ ਵਿਚ ਹੋਵੇਗਾ। ਅਗਲਾ ਹੋਲਾ ਕਿਥੇ ਹੋਵੇਗਾ? ਬਾਅਦ ਵਿਚ ਐਲਾਨ ਕੀਤਾ ਜਾਵੇਗਾ। ਵਿਸਾਖੀ ਦਾ ਮੇਲਾ ਸ੍ਰੀ ਜੀਵਨ ਨਗਰ ੧੨-੧੩ ਅਪਰੈਲ ਨੂੰ ਅਤੇ ਸ੍ਰੀ ਭੈਣੀ ਸਾਹਿਬ ਵਿਖੇ ੧੪-੧੫ ਅਪਰੈਲ ਨੂੰ ਹੋਵੇਗਾ।

Sri Satguru Jagjit Singh Ji eLibrary NamdhariElibrary@gmail.com

WITH

BEST COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

ਅੰਬਰ ਫੂਡਜ਼

ਹੈਦਰਾਬਾਦ

AMBER FOODS

Amber pet HYDERABAD

(A.P.)

Sri Satguru Jagjit Singh Ji eLibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਢੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

Manufacturers & Suppliers of :

TUKRIDAR PRINTED SHAMIANAS & KANATS
FOR ALL KINDS, IN ATTRACTIVE AND GUARANTEED FAST COLOURS
WOODEN & STEEL FURNITURE
& PADESTALFAN ETC.

PLEASE CONTACT

Phones : Office : 2528411
" : 2510345
Resi. : 213084

Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.

Registered No. NW/JL—253 MONTHLY WARIAM April 1987
Registered with the registerar of News Papers for India No 26453/75

'POONAM'

PROUDLY PRODUCES

LIP-SMACKING
EPOCH-MAKING
MOUTH-WATERING

Delightful Delectable Delicious

BISCUITS

ALREADY INTRODUCED:

Glucose, Roshni, Twinkle, Orange
Pineapple, Elaichi Cream Biscuits
Fully geared to release Shortly Salty Quality Biscuits

POONAM BISCUITS PVT. LTD.

E-23 M.I. D. C. Ind. Area
Chikalhana, Aurangabad-431210

Telephone : 8707
Telegram : POONAM

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫ਼ਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ
Monthly WARIAM, Ladowali Road, Jalandhar—144001.

Sri Satguru Jagjit Singh Ji eLibrary NamdhariElibrary@gmail.com